07_chapter_1

# ਬਰਤਾਨਵੀ ਪੰਜਾਬੀ ਕਹਾਣੀ ਬਾਰੇ ਪ੍ਰਾਪਤ ਅਧਿਐਨ : ਵਰਗੀਕਰਣ, ਵਿਸ਼ਲੇਸ਼ਣ ਅਤੇ ਮੁੱਲਾਂਕਣ

ਇਸ ਅਧਿਆਇ ਵਿਚ ਸਾਡਾ ਮਨੋਰਥ ਬਰਤਾਨਵੀ ਪੰਜਾਬੀ ਕਹਾਣੀ ਬਾਰੇ ਪ੍ਰਾਪਤ ਅਧਿਐਨ ਅਤੇ ਸਵਰਨ ਚੰਦਨ, ਸ਼ਿਵਚਰਨ ਗਿੱਲ, ਤਰਸੇਮ ਨੀਲਗਿਰੀ, ਦਰਸ਼ਨ ਧੀਰ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਉਪਰ ਹੋਏ ਅਧਿਐਨ, ਛਪੀਆਂ ਪੁਸਤਕਾਂ ਅਤੇ ਖੋਜ-ਪੱਤਰਾਂ ਦਾ ਵਰਗੀਕਰਨ, ਸਰਵੇਖਣ ਤੇ ਮੁਲਾਂਕਣ ਕਰਨਾ ਹੈ। ਇਸ ਲਈ ਅਸੀਂ ਸਰਵੇਖਣ ਦੇ ਕਾਰਜ ਨੂੰ ਦੋ ਭਾਗਾਂ ਵਿਚ ਵੰਡ ਕੇ ਵੇਖਦੇ ਹਾਂ :

(I) ਉਪਾਧੀ ਮੁਕਤ
  - ੳ. ਪੁਸਤਕਾਂ ਦੇ ਰੂਪ ਵਿਚ ਪ੍ਰਾਪਤ ਸਮੱਗਰੀ
  - ਅ. ਪੁਸਤਕਾਂ ਵਿਚ ਸ਼ਾਮਲ ਖੋਜ-ਪੱਤਰ ਤੇ ਆਲੋਚਨਾਤਮਕ ਲੇਖ

(II) ਉਪਾਧੀ ਯੁਕਤ ਖੋਜ ਕਾਰਜ
  - ਪੀਐੱਚ.ਡੀ. ਤੇ ਐਮ.ਫਿਲ. ਦੇ ਖੋਜ ਕਾਰਜ ਦੇ ਰੂਪ ਵਿਚ

## I. ਉਪਾਧੀ ਮੁਕਤ

## ੳ. ਪੁਸਤਕਾਂ ਦੇ ਰੂਪ ਵਿਚ ਪ੍ਰਾਪਤ ਸਮੱਗਰੀ

ਪੁਸਤਕਾਂ ਦੇ ਰੂਪ ਵਿਚ ਪ੍ਰਾਪਤ ਸਮੱਗਰੀ ਦੇ ਅਧਿਐਨ ਵਿਚ ਅਸੀਂ ਬਰਤਾਨਵੀ ਪੰਜਾਬੀ ਕਹਾਣੀ ਨਾਲ ਸੰਬੰਧਿਤ ਪ੍ਰਕਾਸ਼ਿਤ ਪੁਸਤਕਾਂ ਨੂੰ ਸ਼ਾਮਲ ਕਰਦੇ ਹਾਂ। ਇਨ੍ਹਾਂ ਪੁਸਤਕਾਂ ਵਿਚ ਬਰਤਾਨਵੀ ਪੰਜਾਬੀ ਕਹਾਣੀ ਜਾਂ ਲੇਖਕਾਂ ਬਾਰੇ ਸਿਧਾਂਤਕ ਜਾਂ ਵਿਹਾਰਕ ਰੂਪ ਵਿਚ ਜਾਣਕਾਰੀ ਪ੍ਰਸਤੁਤ ਕਰਨਾ ਹੈ। ਉਪਾਧੀ ਨਿਰਪੇਖ ਕਾਰਜ ਵਿਚ ਬਰਤਾਨਵੀ ਪੰਜਾਬੀ ਕਹਾਣੀ ਨਾਲ ਸਿੱਧੇ ਰੂਪ ਵਿਚ ਸੰਬਧਿਤ ਤਿੰਨ ਪੁਸਤਕਾਂ ਮਿਲਦੀਆਂ ਹਨ।

ਡਾ. ਹਰਚੰਦ ਸਿੰਘ ਬੇਦੀ, **ਤਰਸੇਮ ਨੀਲਗਿਰੀ ਦੀ ਗਲਪ ਰਚਨਾ**, 1991.

ਇਸ ਪੁਸਤਕ ਵਿਚ ਡਾ. ਹਰਚੰਦ ਸਿੰਘ ਬੇਦੀ ਨੇ ਤਰਸੇਮ ਸਿੰਘ ਨੀਲਗਿਰੀ ਦੇ ਕਥਾਬੋਧ ਵਿਚ ਨਿਰੂਪਿਤ ਪਰਵਾਸੀ ਚੇਤਨਾ ਦਾ ਅਧਿਐਨ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਇਸ ਪੁਸਤਕ ਵਿਚ ''ਦੋ ਕਿਨਾਰੇ'', ''ਉਸਤਰੇ'', ''ਕਾਲਾ ਕੇਸੂ'', ''ਸੰਗਚੂਰ'' ਅਤੇ ''ਗੰਗਾ 'ਚੋਂ ਨਿਕਲੇ ਹੱਥ'' ਦਾ ਨਿਕਟ ਅਧਿਐਨ ਕੀਤਾ ਹੈ। ''ਦੋ ਕਿਨਾਰੇ'' ਤੇ ''ਉਸਤਰੇ'' ਕਹਾਣੀਆਂ ਨਸਲੀ ਵਿਤਕਰੇ ਦਾ ਬਹੁਪਰਤੀ ਵਰਣਨ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਪਰਵਾਸੀਆਂ ਦੀ ਜੀਵਨ-ਵਿਧੀ, ਰੋਜ਼ਾਨਾ ਜ਼ਿੰਦਗੀ, ਮਾਨਸਿਕ ਤੇ ਸਰੀਰਕ ਦਬਾਵਾਂ ਨੂੰ ਅੰਕਿਤ ਕੀਤਾ ਗਿਆ ਹੈ ਤੇ ਪਰਵਾਸੀ ਹੋਣ ਦੀ ਚੇਤਨਾ ਦੇ ਕਾਰਨਾਂ ਨੂੰ ਅਗਰਭੂਮੀ ਵਿਚ ਲਿਆਉਣ ਦਾ ਯਤਨ ਕੀਤਾ ਹੈ। ਤਰਸੇਮ ਨੀਲਗਿਰੀ ਪ੍ਰਕਿਰਤੀ, ਸੰਸਕ੍ਰਿਤੀ, ਸਾਮੰਤੀ ਤੇ ਸਰਮਾਏਦਾਰੀ ਪ੍ਰਬੰਧ ਦੇ ਤਣਾਉ ਨੂੰ ਸਾਧਾਰਨ ਵਾਕਾਂ ਰਾਹੀਂ ਸਿਰਜ ਦਿੰਦਾ ਹੈ। ਉਹ ਕਹਾਣੀਆਂ ਵਿਚ ਨਵੇਂ ਵਿਸ਼ਿਆਂ ਨੂੰ ਪਾਤਰਾਂ ਦੀ ਮਾਨਸਿਕ ਲੜਾਈ ਦੇ ਬਲ ਤੇ ਅੱਗੇ ਤੋਰਦਾ ਹੈ। ਡਾ. ਬੇਦੀ ਨੇ ਉਸਦੀਆਂ ਕਹਾਣੀਆਂ ''ਕਾਲਾ ਕੇਸੂ'', ''ਸੰਗਚੂਰ'' ਅਤੇ ''ਗੰਗਾ 'ਚੋਂ ਨਿਕਲੇ ਹੱਥ'' ਵਿਚ ਮਾਂ ਦੇ ਅਬੱਧ ਸਬੰਧਾਂ ਅਤੇ ਮਾਂ-ਪੁੱਤਰ ਦੇ ਤਿੜਕਦੇ ਰਿਸ਼ਤਿਆਂ ਨੂੰ ਸਿੱਧ-ਰੂਪਾਂਤਰਣ ਦੇ ਮਾਡਲ ਰਾਹੀਂ ਮੂਰਤੀਮਾਨ ਕੀਤਾ ਹੈ। ਇਨ੍ਹਾਂ ਕਹਾਣੀਆਂ ਵਿਚ ਅਪ੍ਰਵਾਨਿਤ ਰਿਸ਼ਤੇ ਤੇ ਵਿਵੇਕ ਨੂੰ ਵਿਹਾਰਕ ਪੱਧਰ ਤੇ ਸਮਝਣ ਦਾ ਯਤਨ ਕੀਤਾ ਹੈ। ਡਾ. ਬੇਦੀ ਨੇ ਇਨ੍ਹਾਂ ਕਹਾਣੀਆਂ ਦੇ ਨਿਕਟ ਅਧਿਐਨ ਤੋਂ ਬਾਅਦ ਪੈਦਾ ਤ੍ਰਾਸਦੀ ਨੂੰ ਸੰਸਕ੍ਰਿਤੀ ਤੇ ਪ੍ਰਕਿਰਤੀ ਦੇ ਤਣਾਉ, ਮਨੁੱਖ ਤੇ ਸੱਭਿਆਚਾਰ, ਸੱਭਿਆਚਾਰਕ ਪ੍ਰਤਿਮਾਨਾਂ ਦੀ ਅਵਹੇਲਨਾ ਤੇ ਉਲੰਘਣਾ ਦਾ ਸਿੱਟਾਂ ਦੱਸਿਆ ਹੈ। ਇਸ ਪੁਸਤਕ ਵਿਚ ਇਨ੍ਹਾਂ ਕਹਾਣੀਆਂ ਦੇ ਪਿਛੋਕੜ ਵਿਚ ਮਿਥ ਕਥਾਵਾਂ ਦੀਆਂ ਤੰਦਾਂ ਨੂੰ ਵੀ ਪਹਿਚਾਨਣ ਦੀ ਕੋਸ਼ਿਸ਼ ਕੀਤੀ ਹੈ। ਪ੍ਰੋ. ਬੇਦੀ ਨੇ ਤਰਸੇਮ ਨੀਲਗਿਰੀ ਦੀਆਂ ਕੁਝ ਪ੍ਰਮੁੱਖ ਕਥਾ ਜੁਗਤਾਂ ਦੀ ਵੀ ਜਾਣਕਾਰੀ ਦਿੱਤੀ ਹੈ।

ਸਵਰਨ ਚੰਦਨ, **ਬਰਤਾਨਵੀ ਪੰਜਾਬੀ ਸਾਹਿਤ ਦੀਆਂ ਸਮੱਸਿਆਵਾਂ**, 1996.

ਸਵਰਨ ਚੰਦਨ ਦੀ ਇਹ ਪੁਸਤਕ ਵਾਸਤਵ ਵਿਚ ਸਮੁੱਚੇ ਬਰਤਾਨਵੀ ਸਾਹਿਤ ਨਾਲ ਨਹੀਂ ਬਲਕਿ ਬਰਤਾਨਵੀ ਪੰਜਾਬੀ ਕਹਾਣੀ ਦੇ ਅਧਿਐਨ ਨਾਲ ਰਿਸ਼ਤਾ ਜੋੜਦੀ ਹੈ। ਇਸ ਵਿਚ ਬਰਤਾਨਵੀ ਪੰਜਾਬੀ ਕਹਾਣੀ ਵਿਚ ਕ੍ਰਮਵਾਰ ਨਸਲਵਾਦ, ਭੂ-ਹੇਰਵਾ,

ਸਭਿਆਚਾਰਕ ਤਣਾਉ ਤੇ ਪੀੜੀ-ਪਾੜੇ ਜੇਹੇ ਵਰਤਾਰਿਆਂ ਨੂੰ ਘੋਖਣ ਦਾ ਯਤਨ ਕੀਤਾ ਗਿਆ ਹੈ। ਸਵਰਨ ਚੰਦਨ ਨੇ ਇਹ ਵਰਤਾਰਿਆਂ ਲਈ ਅਧਿਐਨ ਸਮੱਗਰੀ ਸਿਰਫ ਬਰਤਾਨਵੀ ਪੰਜਾਬੀ ਕਹਾਣੀ ਦੇ ਪਾਠ ਤੇ ਪ੍ਰਸੰਗ ਨੂੰ ਹੀ ਬਣਾਇਆ ਹੈ। ਇਸ ਪੁਸਤਕ ਵਿਚ ਸਵਰਨ ਚੰਦਨ ਨਸਲਵਾਦ ਦੀ ਸਮੱਸਿਆ ਨੂੰ ਅੰਤਰਰਾਸ਼ਟਰੀ ਵਰਤਾਰਾ, ਭੂ-ਹੇਰਵੇ ਦੀ ਸਮੱਸਿਆ ਨੂੰ ਭੂਪਵਾਦੀ ਲੋਕਾਂ ਲਈ ਕੁਦਰਤੀ ਵਰਤਾਰਾ, ਸੱਭਿਆਚਾਰਕ ਤਣਾਉ ਨੂੰ ਸਦੀਵੀ ਵਰਤਾਰਾ ਤੇ ਪੀੜੀ ਪਾੜਾ ਨੂੰ ਘਰਵਾਸ ਤੇ ਪਰਵਾਸ ਦੋਹਾਂ ਦੀ ਸਮੱਸਿਆ ਮੰਨਦਾ ਹੈ। ਇਹ ਸਮੱਸਿਆਵਾਂ ਭਾਵੇਂ ਸਮੁੱਚੇ ਪਰਵਾਸੀ ਪੰਜਾਬੀ ਸਾਹਿਤ ਵਿਚ ਮਿਲਦੀਆਂ ਹਨ ਪਰ ਸਵਰਨ ਚੰਦਨ ਨੇ ਇਸ ਪੁਸਤਕ ਵਿਚ ਬਰਤਾਨਵੀ ਪੰਜਾਬੀ ਕਹਾਣੀ ਦੇ ਪਾਠ ਤੇ ਪ੍ਰਸੰਗ ਵਿਚ ਹੀ ਇਹਨਾਂ ਨੂੰ ਵਿਚਾਰਿਆ ਹੈ।

ਡਾ. ਹਰਚੰਦ ਸਿੰਘ ਬੇਦੀ, **ਬਰਤਾਨਵੀ ਪੰਜਾਬੀ ਗਲਪ : ਨਸਲਵਾਦੀ ਪਰਿਪੇਖ**, 1996.

ਇਸ ਪੁਸਤਕ ਵਿਚ ਡਾ. ਹਰਚੰਦ ਸਿੰਘ ਬੇਦੀ ਨੇ ਬਰਤਾਨੀਆ ਦੇ ਪਰਵਾਸੀ ਲੇਖਕਾਂ ਦੀਆਂ ਗਲਪ ਰਚਨਾਵਾਂ ਦਾ ਨਸਲੀ ਵਿਤਕਰੇ ਦੀ ਦ੍ਰਿਸ਼ਟੀ ਤੋਂ ਨਿੱਠ ਕੇ ਅਧਿਐਨ ਪੇਸ਼ ਕੀਤਾ ਹੈ। ਨਸਲੀ ਵਿਤਕਰਾ ਸਿਧਾਂਤਕ ਪਰਿਪੇਖ ਦੇ ਅੰਤਰਗਤ ਨਸਲ ਤੋਂ ਕੀ ਭਾਵ ਹੈ ? ਇਸ ਸੰਕਲਪ ਦਾ ਹੋਂਦ ਮੂਲਕ ਇਤਿਹਾਸ, ਵਿਕਾਸ ਆਦਿ ਬਾਰੇ ਚਰਚਾ ਕੀਤੀ ਹੈ। ਡਾ. ਬੇਦੀ ਨੇ ਇਸ ਪੁਸਤਕ ਵਿਚ ਸ਼ਿਵਚਰਨ ਗਿੱਲ, ਦਰਸ਼ਨ ਧੀਰ, ਰਘੁਬੀਰ ਢੰਡ, ਸਵਰਨ ਚੰਦਨ, ਤਰਸੇਮ ਸਿੰਘ ਨੀਲਗਿਰੀ, ਪ੍ਰੀਤਮ ਸਿੰਘ ਸਿੱਧੂ ਅਤੇ ਹਰਜੀਤ ਅਟਵਾਲ ਦੀਆਂ ਗਲਪ ਰਚਨਾਵਾਂ ਦੀ ਪ੍ਰਾਪਤ ਪਾਠ ਸਮੱਗਰੀ ਦੀ ਘੋਖ ਪੜਤਾਲ ਅਤੇ ਅਧਿਐਨ ਵਿਸ਼ਲੇਸ਼ਣ ਕਰਨ ਉਪਰੰਤ ਨਸਲੀ ਵਿਤਕਰੇ ਦੀਆਂ ਪਰਤਾਂ ਤੇ ਸਰੋਕਾਰਾਂ ਨੂੰ ਸੂਤਰਿਕ ਰੂਪ ਵਿਚ ਪੇਸ਼ ਕੀਤਾ ਹੈ। ਇਸ ਅਧਿਐਨ ਵਿਚ ਗੋਰਿਆਂ ਦੀ ਨਸਲੀ ਉਤਮਤਾ ਦੀ ਭਾਵਨਾ, ਬਸਤੀਵਾਦੀ ਸੋਚ, ਕਾਲਿਆਂ ਦੇ ਨਿਮਨ ਸਖ਼ਸ਼ੀ ਬਿੰਬ ਦੀ ਸਿਰਜਣਾ ਆਦਿ ਦਾ ਚਿਤਰ ਵੀ ਸੂਤਰਿਕ ਰੂਪ ਵਿਚ ਪ੍ਰਾਪਤ ਹੁੰਦਾ ਹੈ।

## ਪੁਸਤਕਾਂ ਵਿਚ ਸ਼ਾਮਲ ਖੋਜ-ਪੱਤਰ ਤੇ ਆਲੋਚਨਾਤਮਕ ਲੇਖ :

ਹਰਬਖਸ਼ ਸਿੰਘ ਮਕਸੂਦਪੁਰੀ, **ਬਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ**, 1986.

(i) ਬਰਤਾਨਵੀ ਪੰਜਾਬੀ ਕਹਾਣੀ ਦਾ ਵਿਸ਼ਾ ਵਸਤੂ

(ii) ਤਰਸੇਮ ਨੀਲਗਿਰੀ ਦੀ ਗਲਪ ਰਚਨਾ

ਹਰਬਖਸ਼ ਸਿੰਘ ਮਕਸੂਦਪੁਰੀ ਨੇ ਆਪਣੀ ਪੁਸਤਕ **ਬਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ** ਵਿਚ ਬਰਤਾਨਵੀ ਪੰਜਾਬੀ ਕਹਾਣੀ ਦੇ ਵਿਸ਼ੇ ਵਸਤੂ ਉਪਰ ਚਰਚਾ ਕੀਤੀ ਹੈ। ਉਹ ਆਪਣੇ ਚਿੰਤਨ ਵਿਚ ਬੀਤ ਚੁੱਕੇ ਦਾ ਹੇਰਵਾ, ਬੀਤ ਰਹੇ ਦੀ ਪਛਾਣ ਤੇ ਆਉਣ ਵਾਲੀ ਆਸ ਆਦਿ ਪੱਖਾਂ ਨੂੰ ਸਾਹਮਣੇ ਰੱਖਦਾ ਹੈ। ਪੂੰਜੀਵਾਦੀ ਸਮਾਜ ਵਿਚ ਜਾਗੀਰਦਾਰੀ ਰੁਚੀਆਂ ਵਾਲਾ ਮਨੁੱਖ ਜਦੋਂ ਪ੍ਰਵੇਸ਼ ਕਰਦਾ ਹੈ ਤਾਂ ਉਸ ਨੂੰ ਉਥੇ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸਾਰੇ ਸਰੋਕਾਰ ਬਰਤਾਨਵੀ ਪੰਜਾਬੀ ਕਹਾਣੀ ਦਾ ਵਿਸ਼ਾ ਵਸਤੂ ਬਣਦੇ ਹਨ। ਮਕਸੂਦਪੁਰੀ ਮਾਰਕਸੀ ਗਿਆਨ ਨਾਲ ਚਿੰਤਨ ਕਰਦਾ ਹੈ। ਉਸ ਨੇ ਬਰਤਾਨਵੀ ਪੰਜਾਬੀ ਕਹਾਣੀ ਵਿਚ ਭੂ-ਹੇਰਵਾ, ਨਸਲੀ ਵਿਤਕਰਾ, ਪਤੀ-ਪਤਨੀ ਦੇ ਬਦਲਦੇ ਸੰਬੰਧ, ਪੀੜ੍ਹੀ-ਪਾੜਾ ਆਦਿ ਵਿਸ਼ਿਆਂ ਨੂੰ ਅਧਿਐਨ ਵਿਸ਼ਲੇਸ਼ਣ ਤੋਂ ਬਾਅਦ ਸਾਹਮਣੇ ਲਿਆਂਦਾ ਹੈ।

'ਤਰਸੇਮ ਨੀਲਗਿਰੀ ਦੀ ਕਹਾਣੀ ਕਲਾ' ਲੇਖ ਵਿਚ ਮਕਸੂਦਪੁਰੀ ਨੇ ਨੀਲਗਿਰੀ ਦੀਆਂ ਕਹਾਣੀਆਂ ਨੂੰ ਧਰਮ-ਅਰਥ-ਕਾਮ ਨਾਲ ਸਬੰਧਿਤ ਕਰਕੇ ਅਧਿਐਨ ਕੀਤਾ ਹੈ। ਉਹ ਇਹਨਾਂ ਤਿੰਨਾਂ ਨੂੰ ਵੱਖਰੇ ਸੰਕਲਪ ਨਾ ਮੰਨ ਕੇ ਆਪਸੀ ਨਿਰਭਰਤਾ ਵਾਲੇ ਤਿੰਨ ਅੰਗ ਮੰਨਦਾ ਹੋਇਆ ਨੀਲਗਿਰੀ ਦੀਆਂ ਕਹਾਣੀਆਂ ਦਾ ਅਧਿਐਨ ਵਿਸ਼ਲੇਸ਼ਣ ਕਰਦਾ ਹੈ। ਆਰਥਕ ਮਾਹੌਲ ਅਸੁਖਾਵਾਂ ਹੋਣ ਕਾਰਨ ਹੀ ਸਦਾਚਾਰਕ, ਨੈਤਿਕ ਕੀਮਤਾਂ ਟੁੱਟ ਜਾਂਦੀਆਂ ਹਨ। ਨੀਲਗਿਰੀ ਦੀ ਕਹਾਣੀ ਦੀ ਅਰੰਭਤਾ, ਪਾਤਰਾਂ ਦੀ ਅੰਦਰਲੀ ਮਨੋਦਸ਼ਾ, ਵਾਰਤਾਲਾਪ, ਯਥਾਰਥਕ ਪਾਤਰ ਆਦਿ ਕਰਕੇ ਲੇਖਕ ਉਸਦੀ ਕਹਾਣੀ ਕਲਾ ਦੀ ਪ੍ਰਸੰਸਾ ਕਰਦਾ ਹੈ।

ਪ੍ਰੀਤਮ ਸਿੰਘ ਕੈਂਬੋ, **ਬਰਤਾਨਵੀ ਪੰਜਾਬੀ ਸਾਹਿਤ**, 1991.

(i) ਬਰਤਾਨਵੀ ਪੰਜਾਬੀ ਕਹਾਣੀ : ਰੂਪ ਤੇ ਸ਼ਿਲਪ

ਇਹ ਪੁਸਤਕ ਬਰਤਾਨੀਆ ਦੇ ਪਰਵਾਸੀ ਪੰਜਾਬੀ ਸਾਹਿਤ ਦੇ ਅਧਿਐਨ ਨਾਲ ਸਬੰਧਿਤ ਹੈ, ਜਿਸ ਵਿਚ ਬਰਤਾਨੀਆ ਦੇ ਪਰਵਾਸੀ ਪੰਜਾਬੀਆਂ ਦੇ ਸਾਹਿਤਕ ਸਰੋਕਾਰਾਂ

ਦੇ ਨਾਲ ਨਾਲ ਇਤਿਹਾਸਕ, ਸਮਾਜ-ਸਭਿਆਚਾਰਕ ਅਤੇ ਰਾਜਨੀਤਿਕ ਸਰੋਕਾਰਾਂ ਨੂੰ ਚਰਚਾ ਦਾ ਆਧਾਰ ਬਣਾਇਆ ਗਿਆ ਹੈ। ਇਸ ਪੁਸਤਕ ਵਿਚ ਬਰਤਾਨਵੀ ਪੰਜਾਬੀ ਕਹਾਣੀ ਦੇ ਰੂਪ ਤੇ ਸ਼ਿਲਪ ਦੀ ਗੱਲ ਕਰਦਿਆਂ ਲੇਖਕ ਨੇ ਬਰਤਾਨਵੀ ਸਾਹਿਤ ਵਿਚ ਪੇਸ਼ ਮੁੱਖ ਸਮੱਸਿਆਵਾਂ ਬੇਕਾਰੀ, ਵਸੇਬੇ ਦੀ ਚਿੰਤਾ, ਪਿੱਛੇ ਰਹਿ ਗਏ ਪਰਿਵਾਰ ਨਾਲ ਭਾਵੁਕ ਮੋਹ, ਨਸਲਵਾਦ ਸਨਅਤੀ ਯੁੱਗ ਦੀ ਦੌੜ ਆਦਿ ਵੱਲ ਵੀ ਧਿਆਨ ਕੇਂਦਰਿਤ ਕੀਤਾ ਹੈ। ਇਸ ਪੁਸਤਕ ਵਿਚ ਵਾਕਫੀਅਤ ਜ਼ਰੂਰ ਪ੍ਰਾਪਤ ਹੁੰਦੀ ਹੈ ਪਰ ਸਿਧਾਂਤਕ ਵਿਸ਼ਲੇਸ਼ਣ ਦਾ ਲਗਭਗ ਅਭਾਵ ਹੈ।

ਡਾ. ਹਰਿਭਜਨ ਸਿੰਘ ਭਾਟੀਆ (ਸੰਪਾ.), **ਸਵਰਨ ਚੰਦਨ ਦੀ ਗਲਪ ਚੇਤਨਾ**, 1992.

(i) ਉਜੜਿਆ ਖੂਹ : ਇਕ ਪ੍ਰਤਿਕਿਰਿਆ – ਰਣਜੀਤ ਧੀਰ

(ii) ਖਾਲੀ ਪਲਾਂ ਦੀ ਸਾਂਝ ਦਾ ਮੁਲਾਂਕਣ – ਜੋਗਾ ਸਿੰਘ

(iii) ਲਾਲ ਚੌਕ : ਨਿਕਟ ਅਧਿਐਨ – ਦੇਵਿੰਦਰ ਚੰਦਨ

(iv) ਪ੍ਰਤਿਭਾਸ਼ਾਲੀ ਪ੍ਰਗਤੀਵਾਦੀ ਕਹਾਣੀਕਾਰ : ਸਵਰਨ ਚੰਦਨ – ਅਜੀਤ ਸਿੰਘ

(v) ਸਵਰਨ ਚੰਦਨ ਦੀ ਕਹਾਣੀ : ਲਾਲ ਚੌਕ – ਰਾਮ ਸਰੂਪ ਅਣਖੀ

(vi) ਮਾਈ ਭਾਗੋ ਦੇ ਆਰ ਪਾਰ – ਜੋਗਿੰਦਰ ਸਿੰਘ ਰਾਹੀ

ਇਹ ਪੁਸਤਕ ਬਰਤਾਨੀਆ ਦੇ ਪਰਵਾਸੀ ਪੰਜਾਬੀ ਲੇਖਕ ਸਵਰਨ ਚੰਦਨ ਦੀਆਂ ਗਲਪ ਰਚਨਾਵਾਂ ਦਾ ਗੰਭੀਰ ਅਧਿਐਨ ਪੇਸ਼ ਕਰਦੀ ਹੈ। ਉਸ ਦੀ ਅਲੋਚਨਾ ਦ੍ਰਿਸ਼ਟੀ ਅਤੇ ਸਫਰਨਾਮਾ ਕਲਾ ਸਬੰਧੀ ਅਧਿਐਨ ਵੀ ਇਸ ਪੁਸਤਕ ਵਿਚ ਸ਼ਾਮਿਲ ਕੀਤੇ ਗਏ ਹਨ। ਸਵਰਨ ਚੰਦਨ ਪ੍ਰਮੁੱਖ ਰੂਪ ਵਿਚ ਇਕ ਗਲਪਕਾਰ ਹੈ। ਪੁਸਤਕ ਵਿਚ ਦਰਜ ਮੁਲਾਕਾਤਾਂ ਵਿਚੋਂ ਉਸਦੀ ਕਾਰਗੁਜਾਰੀ ਤੇ ਉਸਦੀ ਵਿਸ਼ਵ ਦ੍ਰਿਸ਼ਟੀ ਉਭਰ ਕੇ ਸਾਹਮਣੇ ਆਉਂਦੀ ਹੈ। ਉਸਦੇ ਨਾਵਲ **ਨਵੇਂ ਰਿਸ਼ਤੇ**, **ਕੱਚੇ ਘਰ**, **ਕਦਰਾਂ ਕੀਮਤਾਂ**, **ਐਮਾ ਰੁੜ ਗਈ**, **ਸ਼ਤਰੰਜ** ਦਾ ਅਧਿਐਨ ਪੇਸ਼ ਕੀਤਾ ਗਿਆ ਹੈ। ਚਿੰਤਕਾਂ ਵੱਲੋਂ ਰਚਨਾਵਾਂ ਦੇ ਨਿਕਟ ਵਿਸ਼ਲੇਸ਼ਣ ਦੀ ਵਿਧੀ ਨੂੰ ਅਪਣਾਇਆ ਗਿਆ ਹੈ। ਇਸ ਵਿਧੀ ਦੀ ਸਹਾਇਤਾ ਨਾਲ ਲੇਖਕ ਦੇ ਕੁਝ ਸੂਤਰਾਂ ਤੇ ਉਸਦੀ ਕਲਾ-ਦ੍ਰਿਸ਼ਟੀ ਉਪਰ ਟਿੱਪਣੀਆਂ ਕੀਤੀਆਂ ਹਨ। ਲੇਖਕ ਨੇ ਇਕ ਵਿਸ਼ੇਸ਼ ਇਤਿਹਾਸਕ, ਸਮਾਜਿਕ ਅਤੇ ਭੂਗੋਲਿਕ ਸਥਿਤੀ ਵਿਚ

ਰਚਨਾ ਕੀਤੀ ਹੈ। ''ਉਜੜਿਆ ਖੂਹ'', ''ਲਾਲ ਚੌਂਕ'', ''ਮਾਈ ਭਾਗੋ'' ਕਹਾਣੀਆਂ ਵੀ ਚਿੰਤਕਾਂ ਦੇ ਅਧਿਐਨ ਵਿਸ਼ਲੇਸ਼ਣ ਦਾ ਹਿੱਸਾ ਬਣੀਆਂ ਹਨ। ਵਿਦਵਾਨ ਵੱਖ-ਵੱਖ ਸਿਧਾਂਤਕ ਸੋਮਿਆਂ ਤੋਂ ਸਾਮਗ੍ਰੀ ਪ੍ਰਾਪਤ ਕਰਕੇ ਇਸ ਦੀ ਸਹਾਇਤਾ ਨਾਲ ਰਚਨਾ ਦੇ ਅੰਦਰਵਾਰ ਉਤਰਦੇ ਹਨ। ਚਿੰਤਕਾਂ ਨੇ ਸਵਰਨ ਚੰਦਨ ਦੀ ਸਿਰਜਣਾ ਦੀ ਗਤੀ ਤੇ ਵਿਕਾਸ ਦੀ ਅਵਸਥਾ ਨੂੰ ਉਸਦੀਆਂ ਰਚਨਾਵਾਂ ਵਿਚੋਂ ਪਛਾਣਨ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿਚ ਦਰਜ ਜਿਆਦਾਤਰ ਮਜ਼ਮੂਨ ਲੇਖਕ ਦੀ ਸਿਰਜਣਾ ਤੇ ਉਸ ਪਿੱਛੇ ਕਾਰਜਸ਼ੀਲ ਸੰਸਕਾਰਾਂ ਦੀ ਪਛਾਣ ਕਰਦੇ ਹਨ। ਸਮੁੱਚੇ ਰੂਪ ਵਿਚ ਇਹ ਰਚਨਾ ਬਹੁਤ ਸਾਰੇ ਪ੍ਰਸ਼ਨਾਂ ਦਾ ਸਮਾਧਾਨ ਪ੍ਰਸਤੁਤ ਕਰਦੀ ਹੈ।

ਡਾ. ਹਰਚੰਦ ਸਿੰਘ ਬੇਦੀ, **ਨੁਕਤਾ ਨਿਗਾਹ**, 1992.

ਡਾ. ਹਰਚੰਦ ਸਿੰਘ ਬੇਦੀ ਨੇ ਆਪਣੀ ਇਸ ਪੁਸਤਕ ਵਿਚ ਬਰਤਾਨਵੀ ਪੰਜਾਬੀ ਸਾਹਿਤ ਤੇ ਸਮੀਖਿਆ ਦੇ ਅੰਤਰਗਤ ਬਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ, ਸੰਵੇਦਨਾ ਤੇ ਸਾਹਿਤ ਅਤੇ ਪਿਆਰ ਤੇ ਪਰਿਵਾਰ ਦਾ ਅਧਿਐਨ ਵਿਸ਼ਲੇਸ਼ਣ ਕੀਤਾ ਹੈ। ਹਰਬਖਸ਼ ਮਕਸੂਦਪੁਰੀ ਦੀ ਸਮੀਖਿਆ ਨਿਰਲੇਪ ਸਮੀਖਿਆ ਹੋਣ ਦੀ ਸਾਖੀ ਭਰਦੀ ਹੈ। ਸਵਰਨ ਚੰਦਨ ਤੇ ਲੇਖਕ ਮਾਰਕਸਵਾਦੀ ਵਿਚਾਰਾਂ ਦਾ ਪ੍ਰਭਾਵ ਮੰਨਦਾ ਹੈ। ਡਾ. ਬੇਦੀ ਦਾ ਮੰਨਣਾ ਹੈ ਕਿ ਹਰਿਭਜਨ ਸਿੰਘ ਕਹਾਣੀਆਂ ਦੇ ਅਧਿਐਨ ਸਮੇਂ ਉਹਨਾਂ ਅੰਦਰ ਸੁੱਤੇ ਅੰਤਰ ਪਾਠਾਂ ਨੂੰ ਦਰਸਾਉਂਦੇ ਹਨ। ਬਰਤਾਨੀਆ ਵਿਚ ਰਚੇ ਜਾ ਰਹੇ ਗਲਪ ਦੇ ਬੁਨਿਆਦੀ ਸਰੋਕਾਰਾਂ ਨੂੰ ਅਧਿਐਨ ਵਿਸ਼ਲੇਸ਼ਣ ਦਾ ਪਾਤਰ ਬਣਾਉਂਦੇ ਹੋਏ ਸ਼ਿਵਚਰਨ ਗਿੱਲ ਅਤੇ ਤਰਸੇਮ ਨੀਲਗਿਰੀ ਦੇ ਕਹਾਣੀ ਦੇ ਅੰਤਰ ਸਭਿਆਚਾਰਕ ਅਤੇ ਨਸਲੀ ਆਤੰਕ ਬਾਰੇ ਵਿਸਤ੍ਰਿਤ ਤੇ ਗਹਿਨ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਲੇਖਕ ਪਹਿਲਾਂ ਸਬੰਧਿਤ ਮਸਲੇ ਦੀ ਸਮਗਰੀ ਨੂੰ ਪੇਸ਼ ਕਰਦਾ ਹੈ। ਫਿਰ ਵਿਸਥਾਰ ਸਹਿਤ ਸਰਵੇਖਣ ਕਰਦਾ ਹੈ ਤੇ ਇਸ ਸਬੰਧੀ ਹੋਏ ਅਧਿਐਨ ਦਾ ਜਾਇਜ਼ਾ ਲੈਂਦਾ ਹੋਇਆ ਆਪਣੀ ਸਮੀਖਿਆ ਟਿੱਪਣੀ ਨਾਲ ਸਮੇਟਣ ਦਾ ਯਤਨ ਕਰਦਾ ਹੈ।

ਸੁਰਿੰਦਰਪਾਲ ਸਿੰਘ (ਸੰਪਾ.), **ਬਦੇਸ਼ੀ ਪੰਜਾਬੀ ਸਾਹਿਤ**, 1993.

(i) ਤਰਸੇਮ ਨੀਲਗਿਰੀ ਦੇ ਕਥਾ ਜਗਤ ਵਿਚ ਪਰਵਾਸੀ ਚੇਤਨਾ – ਜਗਬੀਰ ਸਿੰਘ

(ii) ਬਰਤਾਨਵੀ ਪੰਜਾਬੀ ਕਹਾਣੀ – ਪ੍ਰੀਤ ਸਿੰਘ ਕੈਂਥੋ

(iii) ਬਰਤਾਨਵੀ ਪੰਜਾਬੀ ਕਹਾਣੀ ਵਿਚ ਪਰਵਾਸੀ ਜੀਵਨ ਯਥਾਰਥ
– ਬਲਵਿੰਦਰ ਕੌਰ ਧੀਰ

ਇਸ ਪੁਸਤਕ ਵਿਚ ਬਰਤਾਨਵੀ ਪੰਜਾਬੀ ਕਹਾਣੀ ਬਾਰੇ ਤਿੰਨ ਖੋਜ-ਪੱਤਰ ਮਿਲਦੇ ਹਨ। ਜਗਬੀਰ ਸਿੰਘ ਨੇ ਆਪਣੇ ਖੋਜ ਪੱਤਰ ਵਿਚ ਤਰਸੇਮ ਨੀਲਗਿਰੀ ਦੇ ਕਥਾ ਜਗਤ ਵਿਚੋਂ ਪਰਵਾਸੀ ਚੇਤਨਾ ਦੇ ਤੱਤ ਤਲਾਸ਼ੇ ਹਨ। ਪਰਵਾਸੀ ਚੇਤਨਾ ਦਾ ਸਬੰਧ ਉਹਨਾਂ ਲੇਖਕਾਂ ਨਾਲ ਹੈ ਜਿਹਨਾਂ ਨੂੰ ਆਪਣੇ ਦੇਸ਼ ਦਾ ਸਭਿਆਚਾਰ ਤਿਆਗ ਕੇ ਕਿਸੇ ਦੂਸਰੇ ਦੇਸ਼ ਦੇ ਸਭਿਆਚਾਰ ਨਾਲ ਦੋ ਚਾਰ ਹੋਣਾ ਪਿਆ ਹੈ। ਡਾ. ਜਗਬੀਰ ਸਿੰਘ ਨੇ ਤਰਸੇਮ ਨੀਲਗਿਰੀ ਦੀਆਂ ਦੋ ਕਹਾਣੀਆਂ ''ਦੋ ਕਿਨਾਰੇ'' ਅਤੇ ''ਉਸਤਰੇ'' ਵਿਚ ਪਰਵਾਸੀ ਚੇਤਨਾ ਨੂੰ ਸਮਝਿਆ ਵਿਚਾਰਿਆ ਹੈ।

ਬਰਤਾਨਵੀ ਪੰਜਾਬੀ ਕਹਾਣੀ ਨੂੰ ਪ੍ਰੀਤਮ ਸਿੰਘ ਕੈਂਥੋ ਨੇ ਨਵੀਂ ਪੀੜ੍ਹੀ ਦੇ ਸੰਦਰਭ ਵਿਚ ਵਾਚਣ ਦੀ ਕੋਸ਼ਿਸ਼ ਕੀਤੀ ਹੈ। ਦੋ ਪੀੜੀਆਂ ਦੇ ਸਾਂਸਕ੍ਰਿਤਕ ਟਕਰਾਉ ਨਾਲ ਤਣਾਉ ਪੈਦਾ ਹੁੰਦਾ ਹੈ। ਪਰਵਾਸ ਵਿਚ ਤੁਲਨਾਤਮਕ ਪੱਧਰ ਤੇ ਯੂਰਪੀ ਸੱਭਿਆਚਾਰ ਤੇ ਰਹਿਤਲ ਵਿਚ ਪੰਜਾਬ ਦੀ ਬਨਿਸਪਤ ਵਧੇਰੇ ਖੁਲ ਤੇ ਤਜਰਬਾਤੀ ਆਜ਼ਾਦੀ ਦੀ ਸੁਵਿਧਾ ਹੈ। ਪੁਰਾਣੀ ਪੀੜੀ ਤੇ ਨਵੀਂ ਪੀੜੀ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਕਹਾਣੀਆਂ ਦਾ ਅਧਿਐਨ ਕਰਦਾ ਲੇਖਕ ਰਿਸ਼ਤਿਆਂ ਦੀ ਟੁੱਟ ਭੱਜ, ਪੀੜੀ-ਪਾੜਾ, ਜਾਤ ਪਾਤ ਦਾ ਅੰਤਰ, ਨਸਲਵਾਦ ਆਦਿ ਪੱਖਾਂ ਨੂੰ ਉਭਾਰਦਾ ਹੈ।

ਬਲਵਿੰਦਰ ਕੌਰ ਧੀਰ ਨੇ ਬਰਤਾਨਵੀ ਪੰਜਾਬੀ ਕਹਾਣੀ ਵਿਚ ਪ੍ਰਵਾਸੀ ਜੀਵਨ ਯਥਾਰਥ ਤਲਾਸ਼ਣ ਦਾ ਯਤਨ ਕੀਤਾ ਹੈ। ਪਰਵਾਸੀ ਪੰਜਾਬੀ ਸਾਹਿਤ ਵਿਚ ਪਰਵਾਸ ਨਾਲ ਸਬੰਧਿਤ ਸਮੱਸਿਆਵਾਂ ਦਾ ਜ਼ਿਕਰ ਮਿਲਦਾ ਹੈ। ਬੇਕਾਰੀ, ਵਸੇਬੇ ਦੀ ਚਿੰਤਾ, ਪਿੱਛੇ ਰਹਿ ਗਏ ਪਰਿਵਾਰ ਨਾਲ ਭਾਵੁਕ ਮੋਹ, ਨਸਲਵਾਦ, ਪੀੜੀ-ਪਾੜਾ, ਸਨਅਤੀ ਯੁੱਗ ਦੀ ਦੌੜ ਆਦਿ ਅਜਿਹੀਆਂ ਸਮੱਸਿਆਵਾਂ ਹਨ ਜੋ ਪਰਵਾਸੀ ਜੀਵਨ ਦੇ ਯਥਾਰਥਕ ਪ੍ਰਸਥਿਤੀਆਂ ਦੀ ਅਭਿਵਿਅਕਤੀ ਕਰਦੀਆਂ ਹਨ। ਲੇਖਿਕਾ ਨੇ ਆਪਣੇ ਲੇਖ ਵਿਚ

ਇਹਨਾਂ ਨੂੰ ਉਘਾੜਨ ਦਾ ਯਤਨ ਕੀਤਾ ਹੈ ਤੇ ਇਸਦੇ ਗੰਭੀਰ ਅਧਿਐਨ ਦੀ ਮੰਗ ਕੀਤੀ ਹੈ।

ਸਵਰਨ ਚੰਦਨ, **ਬਰਤਾਨਵੀ ਪੰਜਾਬੀ ਜਨਜੀਵਨ ਅਤੇ ਸਾਹਿਤ**, 1994.

(i) ਬਰਤਾਨਵੀ ਪੰਜਾਬੀ ਕਹਾਣੀ ਦਾ ਇਤਿਹਾਸਕ ਪਿਛੋਕੜ ਅਤੇ ਅਧਿਐਨ ਦੀਆਂ ਸਮੱਸਿਆਵਾਂ

(ii) ਬਰਤਾਨਵੀ ਪੰਜਾਬੀ ਕਹਾਣੀ ਵਿਚ ਅਜਨਬੀਅਤ ਦੇ ਰਿਸ਼ਤੇ

ਇਸ ਪੁਸਤਕ ਵਿਚ ਅੱਠ ਨਿਬੰਧ ਹਨ। ਇਹਨਾਂ ਵਿਚੋਂ 2 ਲੇਖ ਨਿਬੰਧ ਬਰਤਾਨਵੀ ਪੰਜਾਬੀ ਕਹਾਣੀ ਨਾਲ ਸਿੱਧੇ ਤੌਰ ਤੇ ਸਬੰਧਿਤ ਹਨ ਤੇ ਦੋ ਵਿਚ ਬਰਤਾਨਵੀ ਪੰਜਾਬੀ ਕਹਾਣੀ ਬਾਰੇ ਅਲਪ ਮਾਤਰਾ ਵਿਚ ਚਰਚਾ ਕੀਤੀ ਹੈ। ਬਰਤਾਨਵੀ ਪੰਜਾਬੀ ਕਹਾਣੀ ਦਾ ਇਤਿਹਾਸਕ ਪਿਛੋਕੜ ਅਤੇ ਅਧਿਐਨ ਦੀਆਂ ਸਮੱਸਿਆਵਾਂ ਵਾਲੇ ਨਿਬੰਧ ਵਿਚ ਬਰਤਾਨੀਆ ਵਿਚ ਰਚੀ ਜਾ ਰਹੀ ਕਹਾਣੀ ਨੂੰ ਇਤਿਹਾਸਕ ਪਿੱਠ ਭੂਮੀ ਦੇ ਪਿਛੋਕੜ ਨਾਲ ਸਬੰਧਿਤ ਕਰਕੇ ਦੇਖਿਆ ਗਿਆ ਹੈ। ਇਸ ਸਮੇਂ ਦੌਰਾਨ ਕਹਾਣੀ ਵਿਚ ਪੇਸ਼ ਸਮੱਸਿਆਵਾਂ, ਸਿਧਾਂਤ ਤੇ ਵਿਹਾਰ ਦੀ ਵੀ ਚਰਚਾ ਕੀਤੀ ਗਈ ਹੈ। ਪੰਜਾਬ ਸਮੱਸਿਆ ਅਤੇ ਬਰਤਾਨਵੀ ਪੰਜਾਬੀ ਸਾਹਿਤ ਦੇ ਅੰਤਰਗਤ ਸਮੁੱਚੇ ਪੰਜਾਬ ਵਿਚ ਪੰਜਾਬ ਸਮੱਸਿਆ ਨੇ ਕਿਵੇਂ ਪ੍ਰਭਾਵ ਪਾਇਆ। ਇਸ ਨੂੰ ਬਰਤਾਨਵੀ ਸਾਹਿਤ ਵਿਚ ਪੇਸ਼ ਕੀਤਾ ਹੈ। ਇਸ ਨੂੰ ਅਧਿਐਨ ਦਾ ਵਸਤੂ ਬਣਾਇਆ ਹੈ। ਬਰਤਾਨਵੀ ਪੰਜਾਬੀ ਗਲਪ ਨੂੰ ਆਦਰਸ਼ਵਾਦੀ ਜਾਂ ਵਿਚਾਰਵਾਦੀ ਮੁੱਲ ਪ੍ਰਬੰਧ ਅਤੇ ਪਦਾਰਥਵਾਦੀ ਮੁੱਲ-ਪ੍ਰਬੰਧ ਦੀ ਕੋਟੀ ਵਿਚ ਰੱਖ ਕੇ ਵਿਚਾਰਿਆ ਗਿਆ ਹੈ। ਅਜਨਬੀਅਤ ਦੇ ਪੈਦਾ ਹੋਣ, ਪਰਤਾਂ ਪਰਵਾਸੀ ਤੇ ਪ੍ਰਭਾਵ ਆਦਿ ਨੂੰ ਬਰਤਾਨਵੀ ਪੰਜਾਬੀ ਕਹਾਣੀ ਵਿਚ ਅਜਨਬੀਅਤ ਦੇ ਰਿਸ਼ਤੇ ਦੇ ਨਿਬੰਧ ਵਿਚ ਵਿਚਾਰਿਆ ਗਿਆ ਹੈ। ਇਸ ਤੋਂ ਇਲਾਵਾ ਪ੍ਰਵਾਸੀ ਪੰਜਾਬੀ ਸਾਹਿਤ ਦੀਆਂ ਪ੍ਰਵਿਰਤੀਆਂ ਦੀ ਪਛਾਣ ਕਰਦੇ ਹੋਏ ਇਹਨਾਂ ਦੀ ਵਿਲੱਖਣਤਾ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ।

ਹਰਚੰਦ ਸਿੰਘ ਬੇਦੀ, **ਪਰਵਾਸੀ ਪੰਜਾਬੀ ਕਹਾਣੀ : ਪਾਠ ਤੇ ਪ੍ਰਸੰਗ**, 1998.

(i) ਅੰਤਰ ਸਭਿਆਚਾਰਕ ਸੰਗਮ ਦੀ ਤ੍ਰਾਸਦੀ : ਬਦਖ਼ਲ

(ii) ਗੌਣ ਸਭਿਆਚਾਰ ਦੀ ਵਿਡੰਬਨਾ : ਫ੍ਰੀ ਸੁਸਾਇਟੀ

(iii) ਪੂੰਜੀ ਦੇ ਸ਼ੋਸ਼ਣ ਵਰਤਾਰੇ : ਖੱਟੀ ਲੱਸੀ ਦਾ ਗਿਲਾਸ

(iv) ਨਸਲਵਾਦ ਦੀ ਪ੍ਰਹਾਰੀ ਭੂਮਿਕਾ : ਦੋ ਕਿਨਾਰੇ

(v) ਰਿਸ਼ਤਿਆਂ ਦੀਆਂ ਨਵੀਆਂ ਸਮੀਕਰਣਾਂ : ਰੂਮਮੇਟ

ਇਸ ਪੁਸਤਕ ਵਿਚ ਆਲੋਚਕ ਨੇ ਪਰਵਾਸੀ ਲੇਖਕਾਂ ਦੀਆਂ ਕਹਾਣੀਆਂ ਦਾ ਪਾਠ ਕੇਂਦਰਿਤ ਵਿਸ਼ਲੇਸ਼ਣ ਕਰਦੇ ਹੋਏ ਬਦੇਸ਼, ਪਰਵਾਸੀ, ਪਰਵਾਸੀਕਰਣ ਤੇ ਪਰਵਾਸ ਦੀ ਵਿਆਕਰਣ ਦੀਆਂ ਮਾਨਵੀ ਸਮੀਕਰਣਾਂ ਨੂੰ ਇਤਿਹਾਸ ਤੇ ਵਰਤਮਾਨ ਦੇ ਸੰਬਾਦੀ ਅਤੇ ਦਵੰਦਾਤਮਕ ਸਬੰਧਾਂ ਦੇ ਸੰਦਰਭ ਵਿਚ ਉਸਦੀ ਆਧੁਨਿਕ ਪ੍ਰਸੰਗਿਕਤਾ ਦੀ ਪਛਾਣ ਕਰਨ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿਚ ਪਰਵਾਸੀ ਪੰਜਾਬੀ ਕਹਾਣੀ ਦਾ ਵਿਚਾਰਧਾਰਾਈ ਤੇ ਕਲਾਤਮਕ ਪੈਰਾਡਾਈਮ ਵੀ ਬਣਾਇਆ ਗਿਆ ਹੈ। ਆਲੋਚਕ ਨੇ ਜਗਜੀਤ ਬਰਾੜ, ਰਾਣੀ ਨਗੇਂਦਰ, ਅਮਰਪਾਲ ਸਾਰਾ, ਰਵਿੰਦਰ ਰਵੀ, ਸ਼ਿਵਚਰਨ ਗਿੱਲ, ਸਵਰਨ ਚੰਦਨ, ਦਰਸ਼ਨ ਧੀਰ, ਤਰਸੇਮ ਨੀਲਗਿਰੀ, ਵੀਨਾ ਵਰਮਾ, ਹਰਜੀਤ ਅਟਵਾਲ ਦੀਆਂ ਕਹਾਣੀਆਂ ਨੂੰ ਨਵੇਂ ਪਰਿਪੇਖ ਤੋਂ ਘੋਖਣ ਦਾ ਯਤਨ ਕੀਤਾ ਹੈ। ਹਰ ਇਕ ਕਹਾਣੀਕਾਰ ਦੀ ਕਹਾਣੀ ਨੂੰ ਨਵੇਂ ਸੰਦਰਭ ਵਿਚ ਰੱਖ ਕੇ ਵਾਚਣ ਦਾ ਯਤਨ ਕੀਤਾ ਹੈ।

ਸੁਰਿੰਦਰਪਾਲ ਸਿੰਘ (ਸੰਪਾ.), **ਪਰਵਾਸੀ ਸਾਹਿਤ ਵਿਚਾਰ ਚਰਚਾ**, 1999.

(i) ਦਰਸ਼ਨ ਸਿੰਘ ਧੀਰ ਦੀਆਂ ਕਹਾਣੀਆਂ ਦਾ ਵਿਚਾਰਧਾਰਾਈ ਪਰਿਪੇਖ

– ਰਣਜੀਤ ਸਿੰਘ ਸੰਧੂ

ਸੁਰਿੰਦਰਪਾਲ ਸਿੰਘ ਦੁਆਰਾ ਸੰਪਾਦਿਤ ਇਸ ਪੁਸਤਕ ਵਿਚ 16 ਖੋਜ ਤੇ ਆਲੋਚਨਾਤਮਕ ਨਿਬੰਧ ਸ਼ਾਮਿਲ ਹਨ। ਰਣਜੀਤ ਸਿੰਘ ਸੰਧੂ ਨੇ ਆਪਣੇ ਨਿਬੰਧ ਵਿਚ ਦਰਸ਼ਨ ਧੀਰ ਦੀਆਂ ਕਹਾਣੀਆਂ ਦਾ ਵਿਚਾਰਧਾਰਾਈ ਪਰਿਪੇਖ ਉਸਾਰਨ ਦਾ ਯਤਨ ਕੀਤਾ ਹੈ। ਇਸ ਨਿਬੰਧ ਵਿਚ ਧੀਰ ਦੀਆਂ ਕਹਾਣੀਆਂ ਦੇ ਵਿਸ਼ੇ ਨਸਲੀ ਵਿਤਕਰਾ ਪਰਵਾਸੀਆਂ ਦੀ ਬੇਕਾਰੀ, ਪੀੜ੍ਹੀ-ਪਾੜਾ, ਭਾਰਤੀ ਔਰਤਾਂ ਦੀ ਪਰਦੇਸ ਵਿਚ ਸਥਿਤੀ,

ਪਰਵਾਸੀ ਪੰਜਾਬੀ ਲੋਕਾਂ ਦਾ ਵਤੀਰਾ ਤੇ ਪੈਸੇ ਦੀ ਖਾਤਰ ਖਤਮ ਹੋ ਰਹੇ ਸਦਾਚਾਰਕ ਗੁਣ ਆਦਿ ਦੀ ਪਛਾਣ ਕਰਦਾ ਇਸ ਨਿਬੰਧ ਵਿਚ ਲੇਖਕ ਨੇ ਧੀਰ ਦੀਆਂ ਕਹਾਣੀਆਂ ਦੇ ਵਿਸ਼ੇ ਬਾਰੇ ਹੀ ਚਰਚਾ ਕੀਤੀ ਹੈ।

ਇਸ ਪੁਸਤਕ ਵਿਚ ਡਾ. ਹਰਚੰਦ ਸਿੰਘ ਬੇਦੀ ਨੇ ਆਪਣੇ ਨਿਬੰਧ ਪਰਵਾਸੀ ਪੰਜਾਬੀ ਕਹਾਣੀ ਦੇ ਅੰਤਰਗਤ 15 ਕਹਾਣੀਆਂ ਦਾ ਅਧਿਐਨ ਕੀਤਾ ਹੈ। ਲੇਖਕ ਦਾ ਮਤ ਹੈ ਕਿ ਇਹ ਕਹਾਣੀਆਂ ਪਰਵਾਸ, ਪਰਵਾਸੀ ਤੇ ਉਤਰ ਪਰਵਾਸੀ ਕਾਲ ਦੀਆਂ ਔਕੜਾਂ, ਤੋਟਾਂ ਤੇ ਤ੍ਰਿਪਤੀਆਂ ਵਿਡੰਬਨਾ ਤੇ ਵਿਸੰਗਤੀਆਂ ਨੂੰ ਪੇਸ਼ ਕਰਨ ਤੇ ਬਲ ਦੇਂਦੀਆਂ ਹਨ। ਇਹਨਾਂ ਕਹਾਣੀਆਂ ਵਿਚ ਨਸਲਵਾਦ, ਪੀੜੀ-ਪਾੜੇ ਤੇ ਬਜ਼ੁਰਗਾਂ ਦੀ ਅਵਸਥਾ ਆਦਿ ਵਿਸ਼ੇ ਲੇਖਕ ਨੇ ਤਲਾਸ਼ਣ ਦਾ ਯਤਨ ਕੀਤਾ ਹੈ। ਲੇਖਕ ਇਨ੍ਹਾਂ ਕਹਾਣੀਆਂ ਨੂੰ ਮਨੁੱਖ ਪਰਵਾਸ ਤੇ ਦੁੱਖ ਨੂੰ ਵੱਖ-ਵੱਖ ਜਾਵੀਏ ਤੋਂ ਪਰਿਭਾਸ਼ਤ ਕਰਨ ਵਾਲੀਆਂ ਮੰਨਦਾ ਹੈ।

ਹਰਚੰਦ ਸਿੰਘ ਬੇਦੀ (ਸੰਪਾ.), **ਪਰਵਾਸੀ ਪੰਜਾਬੀ ਸਾਹਿਤ ਦੇ ਮਸਲੇ**, 2004.

(i) ਬਰਤਾਨਵੀ ਪੰਜਾਬੀ ਗਲਪ ਤੇ ਨਸਲੀ ਵਿਤਕਰਾ

(ii) ਬਰਤਾਨਵੀ ਪੰਜਾਬੀ ਗਲਪ ਵਿਚ ਜਿਨਸੀ ਸੰਬੰਧ ਇਕ ਵਿਸ਼ਲੇਸ਼ਣ

ਹਰਚੰਦ ਸਿੰਘ ਬੇਦੀ ਦੁਆਰਾ ਸੰਪਾਦਿਤ ਇਹ ਪੁਸਤਕ ਬਰਤਾਨਵੀ ਪੰਜਾਬੀ ਕਹਾਣੀ ਦੇ ਕਈ ਪੱਖਾਂ 'ਤੇ ਰੌਸ਼ਨੀ ਪਾਉਂਦੀ ਹੈ। ਡਾ. ਹਰਚੰਦ ਸਿੰਘ ਬੇਦੀ ਨੇ ਆਪਣੇ ਲੇਖ ਬਰਤਾਨਵੀ ਪੰਜਾਬੀ ਗਲਪ ਤੇ ਨਸਲੀ ਵਿਤਕਰੇ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਹੈ। ਲੇਖਕ ਨੇ ਨਸਲ ਦੇ ਆਰੰਭ, ਪਿਛੋਕੜ ਬਾਰੇ ਗੱਲ ਕਰਦਿਆਂ ਨਸਲੀ ਵਿਤਕਰੇ ਨੂੰ ਵਿਆਪਕ ਪਰਿਪੇਖ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਦੱਸਦਾ ਹੈ ਕਿ ਮਨੁੱਖ ਨੂੰ ਨਸਲ ਦੇ ਆਧਾਰ 'ਤੇ ਵੱਖ-ਵੱਖ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ। ਇਹ ਵੰਡ ਰੰਗ ਦੇ ਆਧਾਰ 'ਤੇ ਕੀਤਾ ਜਾਂਦਾ ਵਿਤਕਰਾ ਤੇ ਇਸ ਨਾਲ ਪੈਦਾ ਹੁੰਦੀਆਂ ਸਮੱਸਿਆਵਾਂ, ਇਕੱਲਤਾ, ਸ਼ਨਾਖਤੀ ਸੰਕਟ, ਸੱਭਿਆਚਾਰਕ ਤਣਾਉ, ਸ਼ਨਾਖਤੀ ਖਿੰਡਾਅ, ਵਿਲੀਨੀਕਰਣ, ਅਨਕੁਲੀਕਰਣ ਆਦਿ ਲੇਖਕ ਗੱਲ ਕਰਦਾ ਹੈ। ਲੇਖਕ ਨੇ ਸਵਰਨ ਚੰਦਨ ਦਰਸ਼ਨ ਧੀਰ, ਹਰਜੀਤ ਅਟਵਾਲ, ਤਰਸੇਮ ਨੀਲਗਿਰੀ ਆਦਿ ਕਹਾਣੀਕਾਰਾਂ

ਦੀਆਂ ਕਹਾਣੀਆਂ ਵਿਚ ਨਸਲੀ ਵਿਤਕਰੇ ਨੂੰ ਕਿਸ ਬਾਖ਼ੂਬੀ ਢੰਗ ਨਾਲ ਪੇਸ਼ ਕੀਤਾ ਹੈ। ਇਸ ਬਾਰੇ ਲੇਖਕ ਨੇ ਚਰਚਾ ਕੀਤੀ ਹੈ।

ਡਾ. ਤੇਜਿੰਦਰ ਸਿੰਘ ਖਹਿਰਾ ਆਪਣੇ ਲੇਖ ''ਪਰਵਾਸ ਰੁਝਾਨ ਤੇ ਯੂਰਪੀ ਪੰਜਾਬੀ ਸਾਹਿਤ'' ਵਿਚ ਪਰਵਾਸੀ ਸਮਾਜ ਦੇ ਸਰੋਕਾਰਾਂ ਨੂੰ ਪੇਸ਼ ਕਰਦੇ ਕਹਾਣੀਕਾਰ ਤੇ ਉਹਨਾਂ ਦੀਆਂ ਕਹਾਣੀਆਂ ਦਾ ਜ਼ਿਕਰ ਕੀਤਾ ਹੈ। ਦਰਸ਼ਨ ਧੀਰ ਦੀਆਂ ਕਹਾਣੀਆਂ ਵਿਚ ਵਿਦੇਸ਼ ਜਾਣ ਲਈ ਵਰਤੇ ਜਾਂਦੇ ਤਰੀਕੇ, ਉਥੋਂ ਦੀ ਖੁੱਲ ਭਰੀ ਜ਼ਿੰਦਗੀ, ਤਰਸੇਮ ਨੀਲਗਿਰੀ ਦੀ ਕਹਾਣੀ ਵਿਚ ਨਸਲੀ ਵਿਤਕਰਾ, ਵੀਨਾ ਵਰਮਾ ਦੀਆਂ ਕਹਾਣੀਆਂ ਵਿਚ ਔਰਤ ਦੀਦ ਤ੍ਰਾਸਦੀ ਆਦਿ ਵਿਸ਼ੇ ਬਾਰੇ ਲੇਖਕ ਚਰਚਾ ਕਰਦਾ ਹੈ। ''ਬਰਤਾਨਵੀ ਗਲਪ ਵਿਚ ਜਿਨਸੀ-ਸਬੰਧ ਇਕ ਵਿਸ਼ਲੇਸ਼ਣ'' ਲੇਖ ਵਿਚ ਅਨੁਰਾਗ ਸ਼ਰਮਾ ਔਰਤ-ਮਰਦ ਦੇ ਸਬੰਧ ਦੀ ਅਰੰਭਤਾ ਦੀ ਗੱਲ ਕਰਦਾ ਹੈ।

ਰੁਪਿੰਦਰ ਕੌਰ ਸੰਧੂ, **ਪਰਵਾਸੀ ਪੰਜਾਬੀ ਕਹਾਣੀ ਅਤੇ ਨਾਰੀ ਸੰਵੇਦਨਾ**, 2004.

(i) ਵੀਨਾ ਵਰਮਾ ਤੇ ਕੈਲਾਸ਼ਪੁਰੀ ਦੀਆਂ ਕਹਾਣੀਆਂ ਵਿਚ ਨਾਰੀ ਸੰਵੇਦਨਾ

ਰੁਪਿੰਦਰ ਕੌਰ ਸੰਧੂ ਦੀ ਇਸ ਪੁਸਤਕ ਵਿਚ ਨਾਰੀਵਾਦ ਦਾ ਸਿਧਾਂਤਕ ਦ੍ਰਿਸ਼ਟੀ ਤੋਂ ਅਧਿਐਨ ਕਰਨ ਦੇ ਨਾਲ ਨਾਲ ਪ੍ਰਮੁੱਖ ਕਹਾਣੀਕਾਰਾਂ ਦੀਆਂ ਕਹਾਣੀਆਂ ਵਿਚੋਂ ਨਾਰੀ ਸੰਵੇਦਨਾ ਤਲਾਸ਼ਣ ਦਾ ਯਤਨ ਕੀਤਾ ਹੈ। ਇਹਨਾਂ ਕਹਾਣੀਕਾਰਾਂ ਵਿਚ ਉਸਨੇ ਵੀਨਾ ਵਰਮਾ ਨੂੰ ਵੀ ਸ਼ਾਮਿਲ ਕੀਤਾ ਹੈ। ਵੀਨਾ ਵਰਮਾ ਤੇ ਕੈਲਾਸ਼ਪੁਰੀ ਦੀਆਂ ਕਹਾਣੀਆਂ ਵਿਚ ਔਰਤ ਦਾ ਕਾਮੁਕ ਵਿਸਥਾਰ, ਪਿਤਾ-ਪੁਰਖੀ ਪ੍ਰਤੀਕ ਪ੍ਰਬੰਧ ਪ੍ਰਤੀ ਵਿਦਰੋਹ, ਔਰਤ ਦੀ ਹੋਂਦ, ਬਹੁਪਾਸਾਰੀ ਤੇ ਪ੍ਰਚੰਡ ਬਿਰਤਾਂਤਕ ਨਿਭਾਅ, ਔਰਤ ਮਰਦ ਦੇ ਪਿਆਰ ਸਬੰਧਾਂ ਪ੍ਰਤੀ ਬਿਹਬਲਤਾ, ਭਾਸ਼ਕ ਪ੍ਰਗਟਾਅ ਦੀ ਨਿਸੰਗਤਾ, ਵੱਖਰੀਆਂ ਪ੍ਰਗਟਾਅ ਜੁਗਤਾਂ ਆਦਿ ਵਿਸ਼ੇ ਤੁਲਨਾਤਮਕ ਪਰਿਪੇਖ ਅਧੀਨ ਵਿਚਾਰ ਅਧੀਨ ਲਿਆਂਦੇ ਗਏ ਹਨ।

ਡਾ. ਰਜਨੀਸ਼ ਬਹਾਦਰ ਸਿੰਘ, **ਸਮਕਾਲੀ ਪੰਜਾਬੀ ਕਹਾਣੀ : ਪਾਠਗਤ ਅਧਿਐਨ**, 2005.

(i) ਧਰਮ-ਮੂਲਕ ਵਿਹਾਰਕਤਾ ਦਾ ਪ੍ਰਵਚਨ : ਚਰਚ ਫ਼ਾਰ ਸੇਲ

(ii) ਔਰਤ ਦੀ ਖੁਦਮੁਖਤਿਆਰ ਅਹਿੰ ਦਾ ਪ੍ਰਵਚਨ : ਫਰੰਗੀਆਂ ਦੀ ਨੂੰਹ

ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੀ ਇਸ ਪੁਸਤਕ ਵਿਚ ਸਵਰਨ ਚੰਦਨ ਦੀ ਕਹਾਣੀ ''ਚਰਚ ਫਾਰ ਸੇਲ'' ਅਤੇ ਵੀਨਾ ਵਰਮਾ ਦੀ ਕਹਾਣੀ ''ਫਰੰਗੀਆਂ ਦੀ ਨੂੰਹ'' ਨੂੰ ਅਧਿਐਨ ਵਸਤੂ ਬਣਾਇਆ ਹੈ। ''ਚਰਚ ਫਾਰ ਸੇਲ'' ਨੂੰ ਉਹ ਧਰਮ-ਮੂਲਕ ਵਿਹਾਰਕਤਾ ਦਾ ਪ੍ਰਵਚਨ ਦੀ ਦ੍ਰਿਸ਼ਟੀ ਤੋਂ ਦੇਖਦਾ ਹੈ। ਕਹਾਣੀ ਦੇ ਸਿਰਲੇਖ ਨੂੰ ਉਹ ਇਸ਼ਤਿਹਾਰ ਮੰਨਦਾ ਹੈ। ਉਹ ਦੱਸਦਾ ਹੈ ਕਿ ਇਸ ਕਹਾਣੀ ਵਿਚ ਲੋਕਾਂ ਦੀ ਧਾਰਮਿਕ ਸੰਕੀਰਨਤਾ ਨਜ਼ਰ ਆਉਂਦੀ ਹੈ। ਸਵਰਨ ਚੰਦਨ ਨੂੰ ਉਹ ਬਿਰਤਾਂਤਕਾਰ ਚਿੰਤਕ ਅਤੇ ਆਲੋਚਕ ਮੰਨਦਾ ਹੈ। ਇਸ ਕਹਾਣੀ ਵਿਚੋਂ ਲੇਖਕ ਧਰਮ ਦਰਸ਼ਨ ਤੇ ਵਿਗਿਆਨ ਆਪਸੀ ਸਬੰਧ ਤੇ ਵਿਰੋਧਤਾ ਲੱਭਦਾ ਹੈ। ਲੇਖਕ ਦੱਸਦਾ ਹੈ ਕਿ ਵਿਗਿਆਨ ਦੇ ਵਿਕਾਸ ਨਾਲ ਮਾਨਸਿਕਤਾ ਦਾ ਵਿਕਾਸ ਧਰਮ ਵਿਚ ਕਮੀ ਲੈ ਆਉਂਦਾ ਹੈ। ਉਹ ਇਤਿਹਾਸਕਤਾ ਨੂੰ ਵੀ ਇਸ ਦੇ ਪਿਛੋਕੜ ਵਿਚ ਰੱਖ ਕੇ ਵਾਚਦਾ ਹੈ। ਇਸ ਤੋਂ ਇਲਾਵਾ ਲੇਖਕ ਚੰਦਨ ਦੁਆਰਾ ਕਹਾਣੀ ਵਿਚ ਪੇਸ਼ ਪੂਰਬੀ ਤੇ ਪੱਛਮੀ ਮਾਨਸਿਕਤਾ ਨੂੰ ਵੀ ਉਭਾਰਦਾ ਹੈ। ਲੇਖਕ ਮੰਨਦਾ ਹੈ ਕਿ ਕਹਾਣੀਕਾਰ ਨੇ ਰਚਨਾ ਵਿਚ ਸਾਹਿਤਕ ਕੋਡਾਂ ਵਿਚ ਆਪਣੀ ਵਿਚਾਰਧਾਰਾ ਪੇਸ਼ ਕੀਤੀ ਹੈ। ਇਸ ਕਹਾਣੀ ਦੇ ਪ੍ਰਵਚਨਾ ਨੂੰ ਉਹ ਧਰਮ ਨਾਲ ਸਿਧਾਂਤਕ ਤੇ ਵਿਹਾਰਕ ਪੱਖ ਤੋਂ ਜੁੜੇ ਹੋਏ ਮੰਨਦਾ ਹੈ।

ਵੀਨਾ ਵਰਮਾ ਦੀ ਕਹਾਣੀ ''ਫਰੰਗੀਆਂ ਦੀ ਨੂੰਹ'' ਵਿਚ ਲੇਖਕ ਔਰਤ ਦੀ ਖੁਦ ਮੁਖਤਿਆਰੀ ਅਹਿੰ ਦਾ ਪ੍ਰਵਚਨ ਤਲਾਸ਼ਦਾ ਹੈ। ਲੇਖਕ ਦਾ ਮੰਨਣਾ ਹੈ ਕਿ ਵੀਨਾ ਵਰਮਾ ਨੇ ਪਹਿਲਾਂ ਮੌਜੂਦ ਔਰਤ ਲੇਖਿਕਾਵਾਂ ਤੋਂ ਵੱਖਰੇ ਵਿਸ਼ੇ ਅਪਣਾਏ ਹਨ। ਵੀਨਾ ਵਰਮਾ ਦੀ ਕਹਾਣੀ ਦੀ ਨਾਇਕਾ ਸ਼ਾਂਤੀ ਨੂੰ ਲੇਖਕ ਖੁਦ ਮੁਖਤਿਆਰ ਮੰਨਦਾ ਹੈ। ਲੇਖਕ ਲੇਖਿਕਾ ਦੁਆਰਾ ਸਿਰਜੇ ਔਰਤ ਦੀ ਬਾਗੀ ਸੁਰ ਤੇ ਵਿਰੋਧਾਭਾਸਕ ਜੀਵਨ ਮੁੱਲਾਂ ਨੂੰ ਸਾਹਮਣੇ ਲਿਆਉਂਦਾ ਹੈ। ਲੇਖਕ ਵੀਨਾ ਵਰਮਾ ਦੀ ਸ਼ਬਦਾਵਲੀ ਬਾਰੇ ਗੱਲ ਕਰਦਾ ਹੈ ਕਿ ਉਸਨੇ ਸ਼ਾਂਤੀ ਦੀ ਵਿਸ਼ੇਸ਼ਤਾ ਦਬੰਗਪੁਣੇ ਦੀ ਭਾਸ਼ਾ ਵਿਚ ਸਿਰਜੀ ਹੈ। ਉਹ ਉਸਨੂੰ ਮਰਦਾਵੀਂ ਔਰਤ ਦੇ ਰੂਪ ਵਿਚ ਸਿਰਜਦੀ ਹੈ। ਲੇਖਕ ਕਹਾਣੀ ਵਿਚਲੀ ਪਾਤਰ ਦੁਆਰਾ ਸਮਾਜ ਦਾ ਕੋਝਾ ਸਰੂਪ ਤੇ ਔਰਤ ਮਰਦ ਦੀ ਦੋਹਰੀ ਮਾਨਸਿਕਤਾ ਨੂੰ ਪ੍ਰਗਟਾਉਂਦਾ ਹੈ। ਉਹ ਮੰਨਦਾ ਹੈ ਕਿ ਕਹਾਣੀ ਦੀ ਪਾਤਰ ਪੱਛਮੀ ਜੀਵਨ ਜਾਚ ਤੋਂ

ਪ੍ਰਭਾਵਿਤ ਹੋ ਕੇ ਆਪਣਾ ਆਜ਼ਾਦੀ ਦਾ ਮਾਡਲ ਸਿਰਜਦੀ ਹੈ ਤੇ ਮਰਦ ਵਿਰੁੱਧ ਬਗ਼ਾਵਤ ਕਰਦੀ ਹੋਈ ਆਪਣੀ ਖ਼ੁਦਮੁਖ਼ਤਿਆਰੀ ਅਹਿੰ ਦਾ ਸਬੂਤ ਦਿੰਦੀ ਹੈ।

ਰਜਨੀ ਰਾਣੀ, **ਨਾਰੀਵਾਦੀ ਚਿੰਤਨ ਅਤੇ ਪੰਜਾਬੀ ਕਹਾਣੀ**, 2006.

(i) ਵੀਨਾ ਵਰਮਾ ਦੀਆਂ ਕਹਾਣੀਆਂ ਦਾ ਨਾਰੀਵਾਦੀ ਅਧਿਐਨ

ਰਜਨੀ ਰਾਣੀ ਨੇ ਇਸ ਪੁਸਤਕ ਵਿਚ ਵੀਨਾ ਵਰਮਾ ਦੀਆਂ ਕਹਾਣੀਆਂ ਦਾ ਨਾਰੀਵਾਦੀ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਹੈ। ਲੇਖਿਕਾ ਵੀਨਾ ਵਰਮਾ ਦੀਆਂ ਕਹਾਣੀਆਂ ਨੂੰ ਔਰਤ ਉਪਰ ਹੋ ਰਹੇ ਜਿਨਸੀ ਤਸ਼ੱਦਦ ਤੇ ਸ਼ੋਸ਼ਣ ਨੂੰ ਬਿਆਨ ਕਰਨ ਵਾਲੀਆਂ ਮੰਨਦੀ ਹੈ। ਇਹਨਾਂ ਕਹਾਣੀਆਂ ਵਿਚ ਨਾਰੀ ਦੇ ਵੱਖ-ਵੱਖ ਰੂਪ ਤੇ ਔਰਤ ਤੇ ਮਰਦ ਦੁਆਰਾ ਕੀਤੇ ਜਾਂਦੇ ਤਸ਼ੱਦਦ ਤੇ ਔਰਤ ਦੁਆਰਾ ਭੋਗੇ ਜਾਂਦੇ ਮਾਨਸਿਕ ਤੇ ਸਰੀਰਿਕ ਸੰਤਾਪ ਨੂੰ ਪ੍ਰਗਟਾਉਂਦੀ ਹੈ। ਇਸ ਤੋਂ ਇਲਾਵਾ ਲੇਖਿਕਾ ਉਸ ਦੀਆਂ ਕਹਾਣੀਆਂ ਵਿਚ ਭਾਰਤੀ ਔਰਤ ਜੋ ਪਰਵਾਸ ਧਾਰਨ ਕਰਦੀ ਹੈ ਉਸ ਦੁਆਰਾ ਭੋਗੇ ਜਾਂਦੇ ਦੋਹਰੇ ਦੁਖਾਂਤ ਨੂੰ ਵੀ ਪੇਸ਼ ਕਰਦੀ ਹੈ। ਲੇਖਿਕਾ ਵੀਨਾ ਵਰਮਾ ਦੀਆਂ ਕਹਾਣੀਆਂ ਵਿਚ ਮਰਦ ਦੇ ਨਿਖੇਧਾਤਮਕ ਰੋਲ ਨੂੰ ਅਗਰਭੂਮੀ ਵਿਚ ਲਿਆਉਂਦੀ ਹੈ। ਅਣਜੋੜ ਵਿਆਹ, ਮਰਦ ਦੁਆਰਾ ਔਰਤ ਨੂੰ ਆਪਣੀ ਜਾਇਦਾਦ ਸਮਝਣਾ, ਮਰਦ ਦਾ ਦੋਸ਼ ਔਰਤ ਸਿਰ ਮੜਨਾ, ਆਰਥਿਕਤਾ, ਵਿਆਹ ਬਾਰੇ ਸਬੰਧ ਆਦਿ ਕਾਰਨ ਲੇਖਿਕਾ ਮੰਨਦੀ ਹੈ ਜੋ ਵੀਨਾ ਵਰਮਾ ਦੀਆਂ ਕਹਾਣੀਆਂ ਵਿਚ ਰਿਸ਼ਤਿਆਂ ਦੀ ਟੁੱਟ-ਭੱਜ ਦੇ ਕਾਰਣ ਬਣਦੇ ਹਨ।

ਡਾ. ਹਰਚੰਦ ਸਿੰਘ ਬੇਦੀ (ਸੰਪਾ.), **ਪਰਵਾਸੀ ਸਾਹਿਤ ਦਾ ਸਭਿਆਚਾਰਕ ਪ੍ਰਸੰਗ**, 2007.

(i) ਦਰਸ਼ਨ ਸਿੰਘ ਧੀਰ ਦੀਆਂ ਕਹਾਣੀਆਂ ਵਿਚ ਸਮਾਜ ਸਭਿਆਚਾਰ

– ਤੇਜਿੰਦਰਪਾਲ ਕੌਰ

ਡਾ. ਹਰਚੰਦ ਸਿੰਘ ਬੇਦੀ ਦੁਆਰਾ ਸੰਪਾਦਿਤ ਪੁਸਤਕ ਵਿਚ ਤੇਜਿੰਦਰਪਾਲ ਕੌਰ ਨੇ ਆਪਣੇ ਲੇਖ ਵਿਚ ਦਰਸ਼ਨ ਧੀਰ ਦੀਆਂ ਕਹਾਣੀਆਂ ਦਾ ਸਮਾਜ ਸਭਿਆਚਾਰਕ ਪੱਖ ਤੋਂ ਅਧਿਐਨ ਕੀਤਾ ਹੈ। ਧੀਰ ਦੀਆਂ ਕਹਾਣੀਆਂ ਵਿਚ ਆਰਥਿਕਤਾ, ਪੰਜਾਬੀ ਮਨੁੱਖ ਦੇ ਸੰਕਟ, ਅਸੰਤੁਸ਼ਟਤਾ, ਨਸਲੀ ਵਿਤਕਰਾ, ਪੀੜੀ-ਪਾੜਾ, ਸਭਿਆਚਾਰਕ ਤਣਾਉ ਆਦਿ

ਸੰਦਰਭਾਂ ਨੂੰ ਲੇਖਿਕਾ ਨੇ ਬੜੀ ਸੂਖਮਤਾ ਨਾਲ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਪਰੰਪਰਕ ਪੰਜਾਬੀ ਮਨੁੱਖ ਜਦੋਂ ਬਰਤਾਨਵੀ ਸਮਾਜ ਵਿਚ ਸੰਵਾਦ ਰਚਾਉਂਦਾ ਹੈ ਤਾਂ ਉਥੋਂ ਦੀਆਂ ਪ੍ਰਤੀਕੂਲ ਸਥਿਤੀਆਂ ਵਿਚ ਅਨੇਕ ਤਰ੍ਹਾਂ ਦੀਆਂ ਦੁਸ਼ਵਾਰੀਆਂ, ਮਾਨਸਿਕ ਵਿਕਾਰਾਂ ਅਤੇ ਵਿਖੰਡਿਤ ਵਿਚਾਰਧਾਰਕ ਮਸਲਿਆਂ ਨਾਲ ਜੂਝਦਾ ਹੈ। ਇਸ ਸਥਿਤੀ ਨੂੰ ਲੇਖਿਕਾ ਨੇ ਧੀਰ ਦੀਆਂ ਕਹਾਣੀਆਂ ਵਿਚੋਂ ਤਲਾਸ਼ਣ ਦਾ ਯਤਨ ਕੀਤਾ ਹੈ।

ਡਾ. ਹਰਚੰਦ ਸਿੰਘ ਬੇਦੀ, **ਔਰਤ ਦੀਆਂ ਕਹਾਣੀਆਂ (ਪਰਵਾਸੀ ਪੰਜਾਬੀ ਕਹਾਣੀ ਭਾਗ ਪਹਿਲਾ)**, 2009.

(i) ਔਰਤ ਦੀ ਵਿਡੰਬਨਾ : ਬੌਧਿਕ ਮਰਦ ਦੀ ਤਲਾਸ਼
(ਵੀਨਾ ਵਰਮਾ ਦੀ ਕਹਾਣੀ : ਰੂਮਮੇਟ)

(ii) ਪਰਵਾਸ ਦਾ ਅੰਤਰ-ਸਭਿਆਚਾਰਕ ਪ੍ਰਸੰਗ
(ਸਵਰਨ ਚੰਦਨ ਦੀ ਕਹਾਣੀ : ਫ੍ਰੀ ਸੁਸਾਇਟੀ)

ਇਸ ਪੁਸਤਕ ਵਿਚ ਬਰਤਾਨਵੀ ਪੰਜਾਬੀ ਕਹਾਣੀ ਦੇ ਅੰਤਰਗਤ ਵੀਨਾ ਵਰਮਾ ਦੀ ਕਹਾਣੀ ''ਰੂਮਮੇਟ'' ਅਤੇ ਸਵਰਨ ਚੰਦਨ ਦੀ ਕਹਾਣੀ ''ਫ੍ਰੀ ਸੁਸਾਇਟੀ'' ਦਾ ਅਧਿਐਨ ਵਿਸ਼ਲੇਸ਼ਣ ਕੀਤਾ ਹੈ। ''ਰੂਮਮੇਟ'' ਕਹਾਣੀ ਵਿਚੋਂ ਔਰਤ ਦੀ ਵਿਡੰਬਨਾ ਬੌਧਿਕ ਮਰਦ ਦੀ ਤਲਾਸ਼ ਦੇ ਲੱਛਣ ਪਛਾਣਨ ਦਾ ਯਤਨ ਕੀਤਾ ਹੈ। ਡਾ. ਬੇਦੀ ਵੀਨਾ ਵਰਮਾ ਨੂੰ ਉਸਦੀ ਰਚਨਾਤਮਕ ਬੇਬਾਕੀ, ਕਲਾਤਮਕ ਤਰਕ ਤੇ ਵਿਚਾਰਧਾਰਾਈ ਬੇਬਾਕੀ, ਕਲਾਤਮਕ ਤਰਕ ਤੇ ਵਿਚਾਰਧਾਰਾਈ ਆਜਾਦੀ ਦੇ ਮਾਧਿਅਮ ਰਾਹੀਂ ਮਾਨਵੀ ਚਰਿੱਤਰ ਦੇ ਨਕਾਬ ਉਤਾਰਨ ਤੇ ਛਲ ਯੋਜਨਾ ਦੇ ਰਹੱਸ ਕੇਂਦ੍ਰਿਤ ਸਰੋਕਾਰਾਂ ਦਾ ਉਦਘਾਟਨ ਕਰਨ ਵਾਲੀ ਮੰਨਦੇ ਹਨ। ਵੀਨਾ ਵਰਮਾ ਦੀ ਕਹਾਣੀ ਇਸਤਰੀ ਪੁਰਸ਼ ਦੇ ਅਪੂਰਣ ਸਬੰਧ ਅਤੇ ਮਰਦ ਲਈ ਚੁਣੌਤੀ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਲੇਖਕ ਇਸ ਕਹਾਣੀ ਨੂੰ ਔਰਤ ਦੀ ਕਲਪਨਾ ਜਗਤ ਦੀ ਭਟਕਣਾ ਦਾ ਹੀ ਸ਼ਾਬਦਿਕ ਰੂਪਾਂਤ੍ਰਣ ਮੰਨਦਾ ਹੈ।

''ਫ੍ਰੀ ਸੁਸਾਇਟੀ'' ਕਹਾਣੀ ਵਿਚ ਡਾ. ਬੇਦੀ ਨੇ ਪਰਵਾਸ ਦੇ ਅੰਤਰ-ਸਭਿਆਚਾਰ ਪ੍ਰਸੰਗ ਨੂੰ ਤਲਾਸ਼ਿਆ ਹੈ। ਕਦਰਾਂ ਕੀਮਤਾਂ ਵਿਚ ਅੰਤਰ ਕੰਮਕਾਰ ਦਾ ਵੱਖਰਾ ਮਾਹੌਲ,

ਵਿਦਿਆ ਪ੍ਰਣਾਲੀ ਵਿਚ ਅੰਤਰ ਅਤੇ ਸੰਸਕ੍ਰਿਤਕ ਅੰਤਰ ਆਦਿ ਕਾਰਣ ਹਨ ਜੋ ਦੋਹਾਂ ਪੀੜੀਆਂ ਵਿਚਾਲੇ ਤਣਾਉ, ਵਿਰੋਧ ਤੇ ਬੇਚੈਨੀ ਪੈਦਾ ਕਰਦੇ ਹਨ। ਲੇਖਕ ਨੇ ਆਪਣੇ ਨਿਬੰਧ ਵਿਚ ਬਰਤਾਨਵੀ ਤੇ ਪਰਵਾਸੀ ਮਾਨਸਿਕਤਾ ਦੇ ਅਧੂਰੇ ਅਪੂਰਨ ਤੇ ਅਸੰਤੁਸ਼ਟ ਬਿੰਬ ਨੂੰ ਉਜਾਗਰ ਕੀਤਾ ਹੈ।

ਕਿਰਨਜੀਤ ਕੌਰ, ਗੁਰਮੀਤ ਕੌਰ ਸੰਧੂ, **ਦਰਸ਼ਨ ਸਿੰਘ ਧੀਰ ਦਾ ਗਲਪ ਪ੍ਰਬੰਧ**, 2008.

(i) ਦਰਸ਼ਨ ਸਿੰਘ ਧੀਰ ਦੀਆਂ ਕਹਾਣੀਆਂ ਦਾ ਵਿਸ਼ੈਗਤ ਸੰਦਰਭ

(ii) ਦਰਸ਼ਨ ਸਿੰਘ ਧੀਰ ਦੀਆਂ ਕਹਾਣੀਆਂ ਦੀਆਂ ਬਿਰਤਾਂਤਕ ਜੁਗਤਾਂ

ਇਸ ਪੁਸਤਕ ਵਿਚ ਦਰਸ਼ਨ ਧੀਰ ਦੇ ਸਮੁੱਚੇ ਗਲਪ ਸੰਸਾਰ ਨੂੰ ਅਧਿਐਨ ਦਾ ਵਸਤੂ ਬਣਾਇਆ ਗਿਆ ਹੈ। ਇਸ ਅਧਿਐਨ ਦੇ ਕੇਂਦਰ ਵਿਚ ਪਰਵਾਸੀ ਯਥਾਰਥ ਵਿਚ ਪੰਜਾਬੀ ਮਨੁੱਖ ਦੀ ਹੋਂਦ ਅਤੇ ਹੋਣੀ ਦੇ ਵੱਖ-ਵੱਖ ਰੂਪਾਂ ਨੂੰ ਰੂਪਮਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦਰਸ਼ਨ ਧੀਰ ਦੇ ਨਾਵਲਾਂ ਵਿਚ ਪੇਸ਼ ਮਸ਼ੀਨੀ ਤਰਜ-ਏ-ਜ਼ਿੰਦਗੀ ਦੀ ਥਾਂ ਮਾਨਵਵਾਦੀ ਮੁੱਲਾਂ ਦੀ ਸਥਾਪਤੀ, ਪੱਛਮੀ ਸੱਭਿਆਚਾਰਕ ਵਖਰੇਵੇਂ, ਨਸਲੀ ਵਿਤਕਰੇ, ਔਰਤ ਦੀ ਗੁਲਾਮੀ ਆਦਿ ਵਿਸ਼ਿਆਂ ਨੂੰ ਲੇਖਕ ਨੇ ਸਾਹਮਣੇ ਲਿਆਂਦਾ ਹੈ। ਨਾਵਲ ਦੀਆਂ ਪਰੰਪਰਕ ਤੇ ਨਵੀਨ ਬਿਰਤਾਂਤਕ ਜੁਗਤਾਂ ਨੂੰ ਵੀ ਅਧਿਐਨ ਅਧੀਨ ਲਿਆਂਦਾ ਗਿਆ ਹੈ।

ਧੀਰ ਦੁਆਰਾ ਸਿਰਜਿਤ ਕਹਾਣੀਆਂ ਦੇ ਅਧਿਐਨ ਵਿਚੋਂ ਇਹ ਉਭਾਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਉਸਦੀਆਂ ਕਹਾਣੀਆਂ ਵਿਚੋਂ ਪਰਵਾਸ ਭਰਵੇਂ ਰੂਪ ਵਿਚ ਪੇਸ਼ ਹੋ ਕੇ ਪੰਜਾਬੀ ਭਾਈਚਾਰੇ ਲਈ ਨਵੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ ਪ੍ਰਗਟ ਕਰਦੇ ਹਨ। ਇਸ ਅਧਿਐਨ ਵਿਚ ਉਸ ਦੀਆਂ ਕਹਾਣੀਆਂ ਵਿਚੋਂ ਮੁੱਖ ਰੂਪ ਵਿਚ ਔਰਤ ਦੇ ਦੁਖਾਂਤ ਤੇ ਦੋਹਰੀ ਗੁਲਾਮੀ, ਪੱਛਮੀ ਸਮਾਜ ਵਿਚ ਰਿਸ਼ਤਿਆਂ ਦੇ ਵਿਖੰਡਿਤ ਹੋਣ ਦਾ ਸੰਤਾਪ, ਕਿਰਤ ਅਤੇ ਸ਼ੋਸ਼ਣ ਦੇ ਮਾਅਨੇ ਆਦਿ ਸਰੋਕਾਰਾਂ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ। ਪਰੰਪਰਕ ਜੁਗਤਾਂ ਤੇ ਨਵੀਆਂ ਬਿਰਤਾਂਤਕ ਜੁਗਤਾਂ ਕਹਾਣੀ ਨੂੰ ਨਵੀਂ ਦਿਸ਼ਾ ਦੇਂਦੀਆਂ ਹਨ। ਲੇਖਕ ਨੇ ਇਸ ਸੰਬੰਧੀ ਵੀ ਚਰਚਾ ਕੀਤੀ ਹੈ। ਇਸ

ਪੁਸਤਕ ਵਿਚ ਦਰਸ਼ਨ ਧੀਰ ਦੇ ਗਲਪ-ਪ੍ਰਬੰਧ ਦਾ ਵਿਹਾਰਕ ਅਧਿਐਨ ਕੀਤਾ ਗਿਆ ਹੈ।

ਡਾ. ਚਰਨਜੀਤ ਕੌਰ, **ਨਾਰੀ ਨੀਝ**, 2010.

(i) ਵੀਨਾ ਵਰਮਾ ਰਚਿਤ ਰਜ਼ਾਈ ਦਾ ਨਾਰੀ ਦ੍ਰਿਸ਼ਟੀ ਤੋਂ ਅਧਿਐਨ

ਡਾ. ਚਰਨਜੀਤ ਕੌਰ ਨੇ ਆਪਣੀ ਇਸ ਪੁਸਤਕ ਵਿਚ ਵੀਨਾ ਵਰਮਾ ਰਚਿਤ ''ਰਜਾਈ'' ਦਾ ਨਾਰੀ-ਦ੍ਰਿਸ਼ਟੀ ਤੋਂ ਅਧਿਐਨ ਕੀਤਾ ਹੈ। ਔਰਤ ਦੀ ਸਥਿਤੀ ਵਿਚ ਸੁਧਾਰ ਨਾਰੀ ਲਹਿਰ ਦੇ ਕਾਰਨ ਹੋਇਆ। ਇਸ ਨਾਰੀ ਲਹਿਰ ਨੂੰ ਸਿਧਾਂਤਕ ਆਧਾਰ ਦੇਣ ਲਈ ਨਾਰੀ-ਚਿੰਤਨ ਹੋਂਦ ਵਿਚ ਆਇਆ। ਨਾਰੀ ਦ੍ਰਿਸ਼ਟੀ ਨੂੰ ਭੂਗੋਲਿਕ ਖਿੱਤਾ, ਵਰਗਾਂ, ਫਿਰਕਿਆਂ, ਕੌਮਾਂ ਦੇ ਆਧਾਰ 'ਤੇ ਵੱਖ-ਵੱਖ ਕੀਤਾ ਜਾ ਸਕਦਾ ਹੈ। ਨਾਰੀ ਦ੍ਰਿਸ਼ਟੀ ਤੋਂ ਲੇਖਿਕਾ ਵੀਨਾ ਵਰਮਾ ਦੀ ਕਹਾਣੀ ''ਰਜਾਈ'' ਨੂੰ ਪਰਖਦੀ ਹੈ। ਇਸ ਕਹਾਣੀ ਵਿਚ ਔਰਤ ਦੀ ਉਸਦੇ ਪਤੀ ਵੱਲੋਂ ਹੋ ਰਹੀ ਤ੍ਰਾਸਦੀ ਨੂੰ ਬਿਆਨ ਕੀਤਾ ਹੈ। ਇਸ ਕਹਾਣੀ ਨੂੰ ਲੇਖਿਕਾ ਔਰਤ ਦੀ ਮਰਦ ਤੇ ਨਿਰਭਰਤਾ, ਮਰਦ ਦਾ ਕਾਮੁਕ ਪ੍ਰਵਿਰਤੀਆਂ ਅਧੀਨ ਦੂਸਰਾ ਵਿਆਹ ਕਰਾਉਣਾ ਆਦਿ ਪੱਖਾਂ ਤੋਂ ਘੋਖਦੀ ਹੈ। ਵੀਨਾ ਵਰਮਾ ਦੀ ਕਹਾਣੀ ਦਾ ਕੇਂਦਰੀ ਵਿਸ਼ਾ ਔਰਤ ਮਰਦ ਦੇ ਵਿਕ੍ਰਿਤ ਕਾਮ-ਰਿਸ਼ਤਿਆਂ ਦੁਆਲੇ ਬੁਣਿਆ ਹੋਇਆ ਹੈ। ਲੇਖਿਕਾ ਔਰਤ ਦੀ ਸਵੈ-ਸੁਤੰਤਰ ਹੋਂਦ ਤੇ ਬਲ ਦਿੰਦੀ ਹੈ ਤੇ ਕਹਾਣੀ ਦੀ ਨਾਇਕਾ ਨੂੰ ਲਾਚਾਰ ਤੇ ਬੇਵਸ ਔਰਤ ਦੀ ਥਾਂ ਆਦਰਸ਼ਕ ਨਾਇਕਾ ਦੇ ਰੂਪ ਵਿਚ ਵੇਖਣਾ ਚਾਹੁੰਦੀ ਹੈ।

ਜਸਵਿੰਦਰ ਸਿੰਘ ਗੁਰਾਇਆ, **ਪਰਵਾਸੀ ਪੰਜਾਬੀ ਕਥਾ ਚਿੰਤਨ**, 2012.

(i) ਵੀਨਾ ਵਰਮਾ ਦਾ ਕਥਾ ਜਗਤ

ਇਸ ਲੇਖ ਵਿਚ ਲੇਖਕ ਨੇ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ **ਮੁੱਲ ਦੀ ਤੀਵੀਂ**, **ਫਰੰਗੀਆਂ ਦੀ ਨੂੰਹ** ਤੇ **ਜੋਗੀਆਂ ਦੀ ਧੀ** ਦੀਆਂ ਕਹਾਣੀਆਂ ਦਾ ਅਧਿਐਨ ਵਿਸ਼ਲੇਸ਼ਣ ਕੀਤਾ ਹੈ। **ਮੁੱਲ ਦੀ ਤੀਵੀਂ** ਕਹਾਣੀ ਸੰਗ੍ਰਹਿ ਨੂੰ ਪਰਵਾਸੀ ਪੰਜਾਬੀ ਕਹਾਣੀ ਵਿਚ ਨਵਾਂ ਮੋੜ ਦੱਸਦਾ ਹੈ। ਲੇਖਕ ਦਾ ਮੱਤ ਹੈ ਦੂਜੇ ਕਹਾਣੀ ਸੰਗ੍ਰਹਿਆਂ ਰਾਹੀਂ ਉਹ

ਨਾਰੀ ਸੰਵੇਦਨਾ, ਵਿਦੇਸ਼ਾ ਵਿਚ ਏਸ਼ੀਆਈ ਔਰਤ ਦੀ ਸਥਿਤੀ, ਸਮਲਿੰਗਕਤਾ, ਅਣਜੋੜ ਵਿਆਹ, ਪਾਖੰਡੀ ਬਾਬਿਆਂ ਦਾ ਆਧੁਨਿਕ ਮਾਨਸਿਕਤਾ ਉਪਰ ਹਾਵੀ ਹੋਣਾ ਆਦਿ ਵਿਸ਼ਿਆਂ ਪੱਖੋਂ ਨਵੀਂ ਚੇਤਨਾ ਦਾ ਆਰੰਭ ਕਰਦੀ ਹੈ।

ਬਲਦੇਵ ਸਿੰਘ ਧਾਲੀਵਾਲ, **ਆਧੁਨਿਕ ਪੰਜਾਬੀ ਕਹਾਣੀ ਦ੍ਰਿਸ਼ਟੀਮੂਲਕ ਪਰਿਪੇਖ**, ਮਿਤੀਹੀਣ।

(i) ਪ੍ਰਯੋਜਨਮੁਖੀ ਉਲਾਰ ਦਾ ਬਿਰਤਾਂਤ – ਬਜ਼ੁਰਗ ਬਾਬਾ ਤੇ ਭੀੜ

(ii) ਪਰਵਾਸੀ ਪੰਜਾਬੀ ਔਰਤ ਦੀ ਤ੍ਰਾਸਦਿਕ ਚੇਤਨਾ – ਮੁੱਲ ਦੀ ਤੀਵੀਂ

''ਬਜ਼ੁਰਗ ਬਾਬਾ ਤੇ ਭੀੜ'' ਕਹਾਣੀ ਨੂੰ ਲੇਖਕ ਸੰਪਰਦਾਇਕ ਤਣਾਅ ਨਾਲ ਸੰਬੰਧਿਤ ਕਹਾਣੀ ਦੱਸਦਾ ਹੈ। ਉਹ ਚੰਦਨ ਦੀ ਇਸ ਕਹਾਣੀ ਦਾ ਮੁੱਖ ਪਾਤਰ ਫੈਂਟਸੀ ਰਾਹੀਂ ਸਿਰਜਿਆ ਦੱਸਦਾ ਹੈ। ਕਹਾਣੀ ਦੀਆਂ ਘਟਨਾਵਾਂ, ਜੁਗਤਾਂ ਤੇ ਪਾਤਰਾਂ ਨੂੰ ਵਰਨਣਾਤਮਕ ਵਿਧੀ ਰਾਹੀਂ ਬਿਆਨਿਆ ਗਿਆ ਹੈ। ਲੇਖਕ ਮੰਨਦਾ ਹੈ ਕਿ ਚੰਦਨ ਨੇ ਕਹਾਣੀ ਦੀ ਕਲਾਤਮਕ ਮਹੱਤਤਾ ਨਾਲੋਂ ਪ੍ਰਯੋਜਨਮੁਖਤਾ ਤੇ ਲੋੜ ਤੋਂ ਵਧੇਰੇ ਬਲ ਦਿੱਤਾ ਹੈ।

ਦੂਜੇ ਲੇਖ ਵਿਚ ਵੀਨਾ ਵਰਮਾ ਦੀ ਕਹਾਣੀ ''ਮੁੱਲ ਦੀ ਤੀਵੀਂ'' ਵਿਚ ਪਰਵਾਸੀ ਪੰਜਾਬੀ ਔਰਤ ਦੀ ਤ੍ਰਾਸਦਿਕ ਚੇਤਨਾ 'ਤੇ ਚਰਚਾ ਕੀਤੀ ਹੈ। ਲੇਖਕ ਦਾ ਮੱਤ ਹੈ ਕਿ ਵੀਨਾ ਵਰਮਾ ਜਿਥੇ ਔਰਤ ਮਰਦ ਦੇ ਸੰਬੰਧਾਂ ਨੂੰ ਸਮਝਣ ਦਾ ਯਤਨ ਕਰਦੀ ਹੈ ਉਥੇ ਉਹ ਵਸਤੂ ਯਥਾਰਥ ਦੇ ਜਟਿਲ ਸੰਦਰਭਾਂ ਤੱਕ ਪਹੁੰਚਣ ਵਿਚ ਸਫ਼ਲ ਹੋਈ ਹੈ। ਇਸ ਕਹਾਣੀ ਵਿਚ ਲੇਖਕ ਵਸਤੂਮੁਖੀ ਤੱਤਾਂ ਦੀ ਅਣਹੋਂਦ ਤੇ ਆਤਮਮੁਖੀ ਤੱਤਾਂ ਦਾ ਵਧੇਰੇ ਦਖ਼ਲ ਮੰਨਦਾ ਹੈ।

## ਖੋਜ-ਪਤ੍ਰਿਕਾਵਾਂ ਵਿਚ ਸ਼ਾਮਲ ਖੋਜ ਪੱਤਰ ਤੇ ਆਲੋਚਨਾਤਮਕ ਲੇਖ :

ਪੰਜਾਬੀ ਦੀਆਂ ਖੋਜ-ਪਤ੍ਰਿਕਾਵਾਂ ਵੱਲੋਂ ਵੀ ਬਰਤਾਨਵੀ ਪੰਜਾਬੀ ਕਹਾਣੀ ਤੇ ਕਹਾਣੀਕਾਰਾਂ ਨਾਲ ਸੰਬੰਧਿਤ ਖੋਜ-ਪੱਤਰ ਪ੍ਰਕਾਸ਼ਿਤ ਕੀਤੇ ਗਏ। ਕੁਝ ਖੋਜ-ਪਤ੍ਰਿਕਾਵਾਂ ਵੱਲੋਂ ਇਸ ਸੰਬੰਧੀ ਵਿਸ਼ੇਸ਼ ਅੰਕ ਵੀ ਕੱਢੇ ਗਏ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :

**ਰਚਨਾ** (ਵਿਸ਼ੇਸ਼ ਕਹਾਣੀ ਅੰਕ), ਅਪਰੈਲ 1983.

**ਰਚਨਾ** ਵਿਸ਼ੇਸ਼ ਕਹਾਣੀ ਅੰਕ ਵਿਚ ਸ਼ਾਮਲ ਲੇਖਾਂ ਵਿਚ ਹਰਬਖਸ਼ ਮਕਸੂਦਪੁਰੀ ਦਾ ''ਬਰਤਾਨਵੀ ਪੰਜਾਬੀ ਕਹਾਣੀ ਦਾ ਵਿਸ਼ਾ ਵਸਤੂ'' ਅਤੇ ਰਣਜੀਤ ਧੀਰ ਦਾ ''ਸਾਊਥਹਾਲ ਦੇ ਚਾਰ ਕਹਾਣੀਕਾਰ'' ਲੇਖਾਂ ਬਰਤਾਨਵੀ ਪੰਜਾਬੀ ਕਹਾਣੀ ਦੇ ਵਿਸ਼ੇ ਵਸਤੂ ਅਤੇ ਸਵਰਨ ਚੰਦਨ, ਸ਼ਿਵਚਰਨ ਗਿੱਲ, ਤਰਸੇਮ ਨੀਲਗਿਰੀ ਬਾਰੇ ਚਰਚਾ ਕੀਤੀ ਗਈ ਹੈ।

**ਕਲਾਕਾਰ ਸਾਹਿਤਕ**, ਅਕਤੂਬਰ-ਦਸੰਬਰ 1998.

ਕਲਾਕਾਰ ਸਾਹਿਤਕ ਦਾ ਸਵਰਨ ਚੰਦਨ ਵਿਸ਼ੇਸ਼ ਅੰਕ ਪ੍ਰਕਾਸ਼ਿਤ ਹੋਇਆ। ਇਸ ਵਿਚ ਸ਼ਾਮਲ ਲੇਖਾਂ ਵਿਚ ਹਰਜੀਤ ਅਟਵਾਲ ਦਾ ''ਧੂਣੇ 'ਤੇ ਬੈਠਾ ਸਾਧ'', ਕੇ.ਐਲ.ਗਰਗ ਦਾ ''ਖੁੱਲਾ ਬੂਹਾ : ਸਵਰਨ ਚੰਦਨ'', ਦੇਵਿੰਦਰ ਚੰਦਨ ਦਾ ''ਸਵਰਨ ਚੰਦਨ : ਸਖ਼ਸੀਅਤ ਅਤੇ ਸਾਹਿਤ'' ਲੇਖਾਂ ਵਿਚ ਸਵਰਨ ਚੰਦਨ ਦੇ ਜੀਵਨ, ਰਚਨਾ ਤੇ ਸਖ਼ਸੀਅਤ ਬਾਰੇ ਚਰਚਾ ਕੀਤੀ ਹੈ। ਇਸ ਪੱਤ੍ਰਿਕਾ ਵਿਚ ਬ੍ਰਹਮਜਗਦੀਸ਼ ਸਿੰਘ, ਜਗਬੀਰ ਸਿੰਘ, ਜੋਗਾ ਸਿੰਘ, ਕਿਰਪਾਲ ਕਜ਼ਾਕ ਨੇ ਉਸਦੇ ਕ੍ਰਮਵਾਰ ਕਹਾਣੀ ਸੰਗ੍ਰਹਿ **ਪੁੰਨ ਦਾ ਸਾਕ**, **ਖਾਲੀ ਪਲਾਂ ਦੀ ਸਾਂਝ**, **ਬਜ਼ੁਰਗ ਬਾਬਾ ਤੇ ਭੀੜ** ਤੇ **ਕੁਆਰ ਗੰਦਲ** ਦੇ ਵਿਸ਼ਿਆਂ ਬਾਰੇ ਵੀ ਚਰਚਾ ਕੀਤੀ ਹੈ।

**ਖੋਜ ਪਤ੍ਰਿਕਾ**, ਸਤੰਬਰ 1994.

**ਖੋਜ ਪਤ੍ਰਿਕਾ** ਦਾ ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ ਪ੍ਰਕਾਸ਼ਿਤ ਹੋਇਆ। ਇਸ ਵਿਚ ਨਿਸ਼ਾਨ ਸਿੰਘ ਦਾ ''ਦਰਸ਼ਨ ਧੀਰ ਦੀਆਂ ਕਹਾਣੀਆਂ ਵਿਚ ਕਥਾ ਜੁਗਤਾਂ'', ਡਾ. ਐਸ.ਪੀ.ਸਿੰਘ ਦਾ ''ਡਰਿਆ ਮਨੁੱਖ ਵਿਭਿੰਨ ਪਾਸਾਰਾਂ ਦੇ ਪ੍ਰਸੰਗ ਵਿਚ'', ਡਾ. ਪ੍ਰਿਤਪਾਲ ਸਿੰਘ ਮਹਿਰੋਕ ਦਾ ''ਦਿਸਹੱਦੇ ਤੋਂ ਪਾਰ : ਵਸਤੂਗਤ ਅਧਿਐਨ'' ਵਿਚ ਦਰਸ਼ਨ ਧੀਰ ਦੇ ਕਹਾਣੀ ਸੰਗ੍ਰਹਿ ਬਾਰੇ ਚਰਚਾ ਕੀਤੀ ਗਈ ਹੈ।

**ਖੋਜ ਦਰਪਣ** (ਜਨਵਰੀ 1989)

**ਖੋਜ ਦਰਪਣ** ਵਿਚ ਸੁਹਿੰਦਰ ਬੀਰ ਦਾ ''ਪਿਛਲੇ ਦਹਾਕੇ ਦੀ ਬਰਤਾਨਵੀ ਪੰਜਾਬੀ ਕਹਾਣੀ : ਪਾਠਗਤ ਅਧਿਐਨ'', ਅਨੁਰਾਗ ਸ਼ਰਮਾ ਦਾ ''ਬਰਤਾਨਵੀ ਪੰਜਾਬੀ ਕਹਾਣੀ ਵਿਚ ਜਿਨਸੀ ਸੰਬੰਧ : ਇਕ ਵਿਸ਼ਲੇਸ਼ਣ'', ਧਨਵੰਤ ਕੌਰ ਦਾ ''ਵੀਨਾ ਵਰਮਾ ਦਾ ਕਹਾਣੀ ਸੰਗ੍ਰਹਿ **ਮੁੱਲ ਦੀ ਤੀਵੀਂ** : ਪਰਵਾਸੀ ਔਰਤ ਦੀ ਹੂਕ'', ਇਕਬਾਲ ਸਿੰਘ ਭੋਮਾ ਦਾ ''ਸ਼ਿਵਚਰਨ ਗਿੱਲ ਦੀਆਂ ਕਹਾਣੀਆਂ ਵਿਚ ਪਛਾਣ ਤੇ ਬੇਗਾਨਗੀ ਦੀ ਸਮੱਸਿਆ'' ਆਦਿ ਲੇਖ ਸ਼ਾਮਲ ਹਨ।

**ਖੋਜ-ਪ੍ਰਬੰਧ/ਖੋਜ-ਨਿਬੰਧ :**

1. ਪੀਐੱਚ.ਡੀ. ਦੀ ਡਿਗਰੀ ਲਈ ਪ੍ਰਵਾਨਿਤ ਖੋਜ-ਪ੍ਰਬੰਧ
2. ਐਮ.ਫਿਲ. ਦੀ ਡਿਗਰੀ ਲਈ ਪ੍ਰਵਾਨਿਤ ਖੋਜ-ਨਿਬੰਧ
3. ਐਮ.ਏ.ਆਨਰਜ਼ ਦੀ ਡਿਗਰੀ ਲਈ ਪ੍ਰਵਾਨਿਤ ਖੋਜ-ਨਿਬੰਧ

1. ਕਰਨੈਲ ਸਿੰਘ, **ਬਰਤਾਨਵੀ ਪੰਜਾਬੀ ਸਾਹਿਤ ਵਿਚ ਪਰਵਾਸੀ ਚੇਤਨਾ** (ਪੀਐੱਚ.ਡੀ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਇਸ ਖੋਜ-ਪ੍ਰਬੰਧ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਦੂਜੇ ਅਧਿਆਇ ਵਿਚ ਪਰਵਾਸੀ ਚੇਤਨਾ ਦੇ ਸੰਕਲਪ, ਪਰਵਾਸ ਦਾ ਇਤਿਹਾਸਕ ਪਿਛੋਕੜ ਤੇ ਬਰਤਾਨਵੀ ਜੀਵਨ ਵਿਚ ਪਰਵਾਸੀ ਚੇਤਨਾ ਦੇ ਵਿਭਿੰਨ ਪੱਖਾਂ ਬਾਰੇ ਚਰਚਾ ਕੀਤੀ ਗਈ ਹੈ। ਪਹਿਲੇ ਭਾਗ ਦੇ ਉਪ ਸਿਰਲੇਖ ''ਪਰਵਾਸੀ ਚੇਤਨਾ : ਸੰਕਲਪਗਤ ਪਰਿਪੇਖ'' ਅਧੀਨ ਪਰਵਾਸੀ ਤੇ ਚੇਤਨਾ ਦੇ ਸੰਕਲਪ ਵੱਖ-ਵੱਖ ਸੰਦਰਭ ਵਿਚ ਵਿਚਾਰੇ ਗਏ ਹਨ। ਦੂਜੇ ਭਾਗ ਵਿਚ ਤੀਜੇ ਅਧਿਆਇ ਵਿਚ ਸਵਰਨ ਚੰਦਨ, ਰਘੁਬੀਰ ਢੰਡ, ਜਗਤਾਰ ਢਾਅ, ਸ਼ਿਵਚਰਨ ਗਿਲ, ਸਾਖੀ ਲੁਧਿਆਣਵੀ, ਤਰਸੇਮ ਪ੍ਰੀਤਮ ਸਿੱਧੂ, ਅਵਤਾਰ, ਦਰਸ਼ਨ ਧੀਰ ਕੈਲਾਸ਼ਪੁਰੀ ਆਦਿ ਦੀਆਂ ਰਚਨਾਵਾਂ ਦਾ ਮੁਲਾਂਕਣ ਤੇ ਅਧਿਐਨ ਕੀਤਾ ਹੈ। ਅੰਤਿਕਾ ਵਿਚ ਬਰਤਾਨਵੀ ਪੰਜਾਬੀ ਸਾਹਿਤ ਦੇ ਉਭਰਵੇਂ ਪਹਿਲੂਆਂ ਬਾਰੇ ਵਿਚਾਰ ਪ੍ਰਗਟਾਏ ਗਏ ਹਨ।

2. ਸਵਰਨ ਚੰਦਨ, **ਬਰਤਾਨਵੀ ਪੰਜਾਬੀ ਕਹਾਣੀ ਦਾ ਦਵੰਦਵਾਦੀ-ਪਦਾਰਥਵਾਦੀ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989.

ਇਸ ਖੋਜ-ਪ੍ਰਬੰਧ ਵਿਚ ਪਰਵਾਸੀ ਪੰਜਾਬੀ ਕਹਾਣੀ ਵਿਚੋਂ ਕੇਵਲ ਬਰਤਾਨਵੀ ਪਰਵਾਸੀ ਪੰਜਾਬੀ ਕਹਾਣੀ ਦਾ ਅਧਿਐਨ ਕੀਤਾ ਗਿਆ ਹੈ ਅਤੇ ਇਹ ਅਧਿਐਨ 1988 ਤਕ ਲਿਖੀ ਗਈ ਕਹਾਣੀ ਉਪਰ ਆਧਾਰਤ ਹੈ। ਸਭ ਤੋਂ ਪਹਿਲਾਂ ਇਸ ਵਿਚ ਦਵੰਦਵਾਦੀ-ਪਦਾਰਥਵਾਦੀ ਆਲੋਚਨਾ ਦੇ ਪ੍ਰਤਿਮਾਨ ਬਰਤਾਨਵੀ ਪੰਜਾਬੀ ਕਹਾਣੀ ਦੇ ਪਿਛੋਕੜ ਨੂੰ ਪੇਸ਼ ਕੀਤਾ ਗਿਆ ਹੈ। ਇਸ ਤੋਂ ਬਾਅਦ ਵੱਖ-ਵੱਖ ਕਹਾਣੀਆਂ ਨੂੰ ਲੈ ਕੇ ਉਨ੍ਹਾਂ ਸਮੱਸਿਆਵਾਂ ਦਾ ਉਲੇਖ ਕੀਤਾ ਗਿਆ ਹੈ ਜੋ ਪਰਵਾਸ ਦੌਰਾਨ ਝੱਲਣੀਆਂ ਪੈਂਦੀਆਂ ਹਨ। ਇਹ ਸਮੱਸਿਆਵਾਂ ਨਸਲਵਾਦ, ਭੂ-ਹੇਰਵਾ, ਸਭਿਆਚਾਰਕ ਤਣਾਉ ਅਤੇ ਪੀੜ੍ਹੀ-ਪਾੜ੍ਹਾ ਆਦਿ ਹਨ। ਬਰਤਾਨਵੀ ਪੰਜਾਬੀ ਕਹਾਣੀ ਦੀਆਂ ਪ੍ਰਤੀਨਿਧ ਜੁਗਤਾਂ, ਰੂੜ੍ਹੀਆਂ ਦਾ ਨਿਖੇੜਾ ਕਰਨਾ ਅਤੇ ਉਨ੍ਹਾਂ ਦੀ ਦਵੰਦਵਾਦੀ-ਪਦਾਰਥਵਾਦੀ ਵਿਆਖਿਆ ਕਰਨੀ ਵੀ ਇਸ ਖੋਜ-ਪ੍ਰਬੰਧ ਦਾ ਇਕ ਹਿੱਸਾ ਹੈ।

3. ਹਰਚੰਦ ਸਿੰਘ ਬੇਦੀ, **ਬਰਤਾਨਵੀ ਪੰਜਾਬੀ ਗਲਪ ਵਿਚ ਨਸਲੀ ਵਿਤਕਰੇ ਦੀ ਸਮੱਸਿਆ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1994.

ਉਪਰੋਕਤ ਖੋਜ-ਪ੍ਰਬੰਧ ਵਿਚ ਬਰਤਾਨਵੀ ਪੰਜਾਬੀ ਗਲਪ ਵਿਚ ਨਸਲੀ ਵਿਤਕਰੇ ਨੂੰ ਸੰਵੇਦਨਾ ਚੇਤਨਾ ਤੇ ਪ੍ਰਚਲਿਤ ਵਰਤਾਰਿਆਂ ਬਾਰੇ ਬਣੀ ਵਿਹਾਰਕ ਪਹੁੰਚ ਤੇ ਸਮਰੱਥਾ ਅਨੁਸਾਰ ਸਿਰਜਿਆ ਗਿਆ ਹੈ। ਨਸਲੀ ਵਿਤਕਰਾ ਸਮਾਜਿਕ, ਆਰਥਿਕ, ਸਮਾਜ-ਸਭਿਆਚਾਰਕ ਅਤੇ ਮਨੋਵਿਗਿਆਨਕ ਆਦਿ ਪੱਧਰਾਂ ਤੇ ਰੇਖਾਂਕਿਤ ਹੋਇਆ ਦ੍ਰਿਸ਼ਟੀਗੋਚਰ ਹੁੰਦਾ ਹੈ। ਆਰਥਿਕ ਦ੍ਰਿਸ਼ਟੀਕੋਣ ਤੋਂ ਬਰਤਾਨੀਆਂ ਵਿਚ ਵਧ ਰਹੀ ਬੇਕਾਰੀ ਦਾ ਇਲਜ਼ਾਮ ਮੂਲਵਾਸੀ ਭਾਰਤੀਆਂ ਤੇ ਪਾਕਿਸਤਾਨੀਆਂ ਸਿਰ ਮੜ੍ਹਦੇ ਹਨ। ਨਸਲੀ ਸਾੜੇ ਜਾਂ ਵਿਤਕਰੇ ਦੇ ਇਤਿਹਾਸਕ ਕਾਰਨ ਵੀ ਹਨ ਪਰ ਵਰਮਾਨ ਸਮੇਂ ਵਿਚ ਮੂਲ ਬਿੰਦੂ ਆਰਥਿਕਤਾ 'ਤੇ ਹੀ ਕੇਂਦਰਿਤ ਹੋ ਜਾਂਦਾ ਹੈ।

ਇਸ ਖੋਜ ਪ੍ਰਬੰਧ ਵਿਚ ਕੇਵਲ ਪੁਸਤਕ ਰੂਪ ਵਿਚ ਪ੍ਰਾਪਤ ਬਰਤਾਨਵੀ ਗਲਪ ਸਾਹਿਤ ਦੇ ਪਾਠ ਨੂੰ ਹੀ ਆਧਾਰ ਬਣਾਇਆ ਹੈ। ਆਰੰਭ ਵਿਚ ਨਸਲ, ਨਸਲਵਾਦ ਤੇ

ਬਰਤਾਨਵੀ ਨਸਲਵਾਦ ਦੀ ਸਿਧਾਂਤਕ ਇਤਿਹਾਸਕਾਰੀ ਰਾਹੀਂ ਸਿੱਧਾਂਤ ਨੂੰ ਵਿਚਾਰਧਾਰਕ ਵਿਹਾਰ ਪ੍ਰਦਾਨ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਬਰਤਾਨਵੀ ਜੀਵਨ ਧਾਰਾ ਵਿਚ ਪ੍ਰਾਪਤ ਨਸਲਵਾਦ ਤੇ ਬਰਤਾਨਵੀ ਪੰਜਾਬੀ ਗਲਪ-ਸਾਹਿਤ ਵਿਚ ਚਿਤਰਿਤ ਤੇ ਪ੍ਰਸਤੁਤ ਨਸਲਵਾਦ ਦੇ ਆਪਸੀ ਸੰਵਾਦ 'ਚ ਨਸਲਵਾਦੀ ਵਿਹਾਰ ਦੀਆਂ ਪਰਤਾਂ ਉਜਾਗਰ ਕਰਨ ਦੀ ਚੇਸ਼ਟਾ ਕੀਤੀ ਹੈ।

4. ਪੁਸ਼ਪਿੰਦਰ ਕੌਰ, **ਬਰਤਾਨਵੀ ਪੰਜਾਬੀ ਗਲਪ : ਸਭਿਆਚਾਰਕ ਤਣਾਉ ਦੇ ਪਾਸਾਰ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1997.

ਇਸ ਖੋਜ-ਪ੍ਰਬੰਧ ਵਿਚ ਉਨ੍ਹਾਂ ਕਾਰਨਾਂ ਦਾ ਵਰਨਣ ਕੀਤਾ ਗਿਆ ਹੈ, ਜਿਨ੍ਹਾਂ ਕਾਰਨ ਅੰਗਰੇਜ਼ ਪਰਵਾਸੀ ਪੰਜਾਬੀਆਂ ਨੂੰ ਆਪਣੇ ਦੇਸ਼ ਵਿਚੋਂ ਕੱਢਣ ਲਈ ਉਨ੍ਹਾਂ ਨੂੰ ਆਪਣੇ ਮਾਨਸਿਕ, ਸਰੀਰਕ ਹਮਲਿਆਂ ਦਾ ਸ਼ਿਕਾਰ ਬਣਾਉਂਦੇ ਹਨ ਅਤੇ ਉਨ੍ਹਾਂ ਦੀ ਆਰਥਿਕਤਾ ਨੂੰ ਢਾਹ ਲਾਉਣ ਦਾ ਯਤਨ ਕਰਦੇ ਹਨ। ਮੁੱਖ ਸਭਿਆਚਾਰ ਦਾ ਨਿਰੰਤਰ ਅਜਿਹਾ ਨਸਲੀ ਨਫ਼ਰਤ ਭਰਪੂਰ ਵਿਵਹਾਰ ਪਰਵਾਸੀ ਪੰਜਾਬੀ ਦੇ ਮਨ ਵਿਚ ਹੀਣ ਭਾਵਨਾ ਪੈਦਾ ਕਰਦਾ ਹੈ। ਉਂਜ ਵੀ ਪਰਵਾਸੀ ਪੰਜਾਬੀ ਬਰਤਾਨੀਆ ਆਉਣ ਤੋਂ ਪਹਿਲਾਂ ਅੰਗਰੇਜ਼ੀ ਸਭਿਆਚਾਰ ਦੇ ਪੰਜਾਬੀ ਸਭਿਆਚਾਰ ਉਪਰ ਪਏ ਪ੍ਰਭਾਵਾਂ ਕਾਰਨ ਇਸਦੀ ਉਤਮਤਾ ਨੂੰ ਸਵੀਕਾਰ ਕਰ ਚੁੱਕੇ ਹਨ। ਇਸ ਲਈ ਉਹ ਕਈ ਵਾਰ ਮੁਖ ਸਭਿਆਚਾਰ ਅਨੁਸਾਰ ਅਨੁਕੂਲੀਕਰਨ ਅਤੇ ਵਿਲੀਨੀਕਰਨ ਦੇ ਯਤਨ ਆਰੰਭ ਦਿੰਦੇ ਹਨ।

ਇਸ ਤਰ੍ਹਾਂ ਇਸ ਖੋਜ-ਪ੍ਰਬੰਧ ਦਾ ਅਧਿਐਨ ਕਰਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਬਰਤਾਨਵੀ ਧਰਤੀ ਉਤੇ ਰਹਿ ਰਹੇ ਪਰਵਾਸੀ ਪੰਜਾਬੀ ਸਖ਼ਤ ਮਿਹਨਤ ਦੁਆਰਾ ਉਥੋਂ ਦੇ ਸਮਾਜ ਦੀਆਂ ਪਦਾਰਥਕ ਸਹੂਲਤਾਂ ਹਾਸਲ ਕਰ ਲੈਂਦੇ ਹਨ ਪਰ ਇਹ ਸਹੂਲਤਾਂ ਉਨ੍ਹਾਂ ਦੀ ਮਾਨਸਿਕਤਾ ਨੂੰ ਬਹੁਤਾ ਸਕੂਨ ਨਹੀਂ ਦਿੰਦੀਆਂ ਕਿਉਂਕਿ ਮੁੱਖ ਸਭਿਆਚਾਰ ਦੀ ਨਸਲੀ ਨਫ਼ਰਤ, ਸਭਿਆਚਾਰਕ ਕਦਰਾਂ-ਕੀਮਤਾਂ ਵਿਚਕਾਰ ਹੋਈ ਭਾਰੀ ਟੁੱਟ-ਭੱਜ ਅਤੇ ਇਕੱਲਤਾ ਉਨ੍ਹਾਂ ਦੀ ਜ਼ਿੰਦਗੀ ਵਿਚ ਕੜਵਾਹਟ ਪੈਦਾ ਕਰੀ ਰੱਖਦੀ ਹੈ। ਇਸ ਵਿਚ ਭਵਿੱਖ ਵਿਚ ਵੀ ਵਿਦੇਸ਼ੀ ਧਰਤੀ ਉਪਰ ਪਰਵਾਸੀ ਪੰਜਾਬੀ ਜੀਵਨ ਅੰਦਰ ਸਭਿਆਚਾਰਕ ਤਣਾਉ ਦੇ ਬਣੇ ਰਹਿਣ ਦੀਆਂ ਸੰਭਾਵਨਾਵਾਂ ਹਾਲੇ ਮੌਜੂਦ ਹਨ।

5. ਅਨੁਰਾਗ ਸ਼ਰਮਾ, **ਬਰਤਾਨਵੀ ਪੰਜਾਬੀ ਗਲਪ ਵਿਚ ਜਿਨਸੀ ਸੰਬੰਧ : ਇਕ ਵਿਸ਼ਲੇਸ਼ਣ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001.

ਉਪਰੋਕਤ ਖੋਜ-ਪ੍ਰਬੰਧ ਦਾ ਮੂਲ ਬਿੰਦੂ ਬਰਤਾਨੀਆ ਵਿਚ ਰਚੇ ਗਏ ਪੰਜਾਬੀ ਗਲਪ ਸਾਹਿਤ ਵਿਚ ਪੇਸ਼ ਜਿਨਸੀ ਸੰਬੰਧਾਂ ਦਾ ਸਮਾਜਕ/ਸਾਂਸਕ੍ਰਿਤਿਕ ਮਨੋਵਿਗਿਆਨਿਕ ਪੱਖੋਂ ਅਧਿਐਨ ਕਰਨਾ ਹੈ। ਇਸ ਅਧਿਐਨ ਰਾਹੀਂ ਜਿਨਸੀ ਸੰਬੰਧਾਂ ਨਾਲ ਜੁੜੇ ਸੰਦਰਭਾਂ ਦਾ ਸਾਹਿਤਕ ਰੂਪਾਂਤਰਣ ਹੋਣ ਤੋਂ ਬਾਅਦ ਪਾਠ ਕੇਂਦਰਿਤ ਅਧਿਐਨ ਦੇ ਮਾਧਿਅਮ ਦੁਆਰਾ ਸਮਝਣ ਵੱਲ ਰੁਚਿਤ ਹੋਣਾ ਹੈ।

ਪਰਵਾਸੀਆਂ ਕੋਲ ਜਿਨਸੀ ਸੰਬੰਧਾਂ ਪ੍ਰਤੀ ਕਦਰਾਂ-ਕੀਮਤਾਂ ਅਜੇ ਵੀ ਮੱਧਕਾਲ ਵਾਲੀਆਂ ਹੀ ਹਨ। ਭਾਵੇਂ ਪੁਰਾਤਨ ਕਾਲ ਵਿਚ ਭਾਰਤੀਆਂ ਕੋਲ ਇਨ੍ਹਾਂ ਸੰਬੰਧਾਂ ਬਾਰੇ ਅਗਾਂਹਵਧੂ ਦ੍ਰਿਸ਼ਟੀਕੋਣ ਮੌਜੂਦ ਰਿਹਾ ਹੈ ਪਰ ਮੁਗਲਾਂ ਦੀ ਆਮਦ ਨਾਲ ਭਾਰਤੀਆਂ ਤੇ ਖਾਸ ਕਰਕੇ ਪੰਜਾਬੀਆਂ ਦੇ ਦ੍ਰਿਸ਼ਟੀਕੋਣ ਵਿਚ ਬੜਾ ਪਰਿਵਰਤਨ ਆਇਆ ਹੈ। ਪਰਵਾਸੀ ਮਰਦ ਦਾ ਇਨ੍ਹਾਂ ਸੰਬੰਧਾਂ ਪ੍ਰਤੀ ਦ੍ਰਿਸ਼ਟੀਕੋਣ ਹੱਕ ਵਾਲਾ, ਹੈਂਕੜ ਵਾਲਾ ਤੇ ਉਪਭੋਗੀ ਵਾਲਾ ਹੈ। ਮਰਦ ਦਾ ਔਰਤ ਪ੍ਰਤੀ ਵਤੀਰਾ ਇਕ ਵਸਤ ਦੀ ਨਿਆਈਂ ਹੈ। ਉਸ ਕੋਲ ਜਿਨਸੀ ਸੰਬੰਧਾਂ ਪ੍ਰਤੀ ਦੋਹਰਾ ਮਿਆਰ ਹੈ। ਉਹ ਆਪ ਇਨ੍ਹਾਂ ਸੰਬੰਧਾਂ ਵਿਚ ਵਿਵਿਧਤਾ ਚਾਹੁੰਦਾ ਹੈ। ਆਪਣੀ ਔਰਤ ਕੋਲੋਂ ਸਾਰੀ ਉਮਰ ਇਕੋ ਸਾਥ ਦੀ ਗੱਲ ਕਰਦਾ ਹੈ। ਪਰਵਾਸੀਆਂ ਦੀ ਨਵੀਂ ਪੀੜ੍ਹੀ ਵੀ ਦੋਹਰੇ ਮਾਪਦੰਡਾਂ ਦਾ ਸ਼ਿਕਾਰ ਹੋ ਰਹੀ ਹੈ। ਘਰਾਂ ਵਿਚ ਵੱਖਰੇ ਮਾਪਦੰਡ ਹੋਣ ਕਾਰਨ ਤਣਾਉ ਵਧਦਾ ਹੈ।

ਇਸ ਪ੍ਰਕਾਰ ਉਪਰੋਕਤ ਅਧਿਐਨ ਕਾਰਜ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਪਰਵਾਸੀ ਭਾਰਤੀ ਮਰਦ ਜਾਤ ਨੇ ਭਾਵੇਂ ਆਰਥਿਕ ਪਖੋਂ ਆਪਣਾ ਰਾਹ ਸੁਖਾਲਾ ਕਰ ਲਿਆ ਹੈ, ਪਰ ਮਾਨਸਿਕ ਤੌਰ ਤੇ ਅਜੇ ਪਿਛਾਂਹਖਿੱਚੂ ਅਤੇ ਗਲੀ ਸੜੀ ਸੋਚ ਦਾ ਹੀ ਧਾਰਨੀ ਹੈ ਕਿਉਂਕਿ ਉਹ ਖੁਦ ਤਾਂ ਜਿਣਸੀ ਖੁੱਲਾਂ ਮਾਣਦਾ ਹੈ ਪਰ ਔਰਤ ਦੇ ਸੰਦਰਭ ਵਿਚ ਅਜੇ ਉਹ ਅਜਿਹੀਆਂ ਖੁੱਲਾਂ ਨੂੰ ਸਵੀਕਾਰਨ ਦਾ ਹੌਂਸਲਾ ਨਹੀਂ ਰੱਖਦਾ। ਉਹ ਪੱਛਮੀ ਖੁੱਲ੍ਹ ਦੀ ਹਨੇਰੀ ਦਾ ਖ਼ੁਦ ਤਾਂ ਅਨੰਦ ਮਾਣਦਾ ਹੈ ਪਰ ਆਪਣੀ ਸਾਥਣ

ਭਾਵੇਂ ਉਸਦੀ ਪਤਨੀ ਹੋਵੇ ਤੇ ਭਾਵੇਂ ਰਖੇਲ ਨੂੰ ਅਜਿਹੇ ਸੰਬੰਧਾਂ ਦੀ ਆਗਿਆ ਨਹੀਂ ਦਿੰਦਾ।

ਅਖੀਰਲੇ ਅਧਿਆਇ 'ਸਾਰਾਂਸ਼' ਵਿਚ ਚੰਦਨ ਦੀਆਂ ਗਲਪ ਰਚਨਾਵਾਂ ਦੇ ਅਧਿਐਨ ਜਿਹੜੇ ਪੱਖ ਸਾਹਮਣੇ ਆਏ ਹਨ ਉਨ੍ਹਾਂ ਦੇ ਸਾਰ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।

6. ਗੁਰਮੀਨ ਕੌਰ ਰਾਏ, **ਬਰਤਾਨਵੀ ਪੰਜਾਬੀ ਕਹਾਣੀ ਵਿਚ ਪੰਜਾਬੀ ਸੰਵੇਦਨਾ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2005.

ਪਹਿਲੇ ਅਧਿਆਇ ਵਿਚ ਪੂਰਬੀ ਦ੍ਰਿਸ਼ਟੀ ਅਤੇ ਪੰਜਾਬੀ ਸੰਵੇਦਨਾ ਨੂੰ ਇਸਦੇ ਸਿਧਾਂਤਕ ਅਤੇ ਸਿਰਜਕ ਰੂਪ ਵਿਚ ਸਮਝੌਣ ਦੀ ਕੋਸ਼ਿਸ਼ ਕੀਤੀ ਹੈ। ਦੂਜੇ ਅਧਿਆਇ ਵਿਚ ਉਪਰੋਕਤ ਵਿਸ਼ੇਸ਼ ਲੇਖਕਾਂ ਦੀ ਕਹਾਣੀ ਦੇ ਸੰਦਰਭ ਵਿਚ ਪੰਜਾਬੀ ਸੰਵੇਦਨਾ ਦੇ ਵਿਭਿੰਨ ਪਸਾਰਾਂ ਨੂੰ ਬਿਰਤਾਂਤਕ ਪੇਸ਼ਕਾਰੀ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਹੈ। ਪੰਜਾਬ ਮੂਲ ਦੇ ਲੋਕਾਂ ਦੀਆਂ ਆਪਣੀਆਂ ਸਭਿਆਚਾਰਕ ਅਤੇ ਵਤਨੀ ਜੜਾਂ ਅਤੇ ਵਰਤਮਾਨ ਬਰਤਾਨਵੀ ਪਰਸਥਿਤੀਆਂ ਵਿਚ ਰੱਖ ਕੇ ਇਹਨਾਂ ਸਰੋਕਾਰਾਂ ਦੀ ਨਿਸ਼ਾਨਦੇਹੀ ਕੀਤੀ ਹੈ।

ਤੀਜੇ ਅਧਿਆਇ ਦਾ ਕੇਂਦਰੀ ਬਿੰਦੂ ਹੈ ਇਹਨਾਂ ਸਮੁੱਚੇ ਸਰੋਕਾਰਾਂ ਨੂੰ ਪੱਛਮੀ ਸਮਾਜ ਦੇ ਯਥਾਰਥ ਸੰਤਾਪ ਤੇ ਸੰਕਟ ਨੂੰ ਪੂਰਬ ਦੇ ਸੰਦਰਭ ਵਿਚ ਰੱਖ ਕੇ ਰਘਬੀਰ ਢੰਡ ਦੀ ਸਮੁੱਚੀ ਕਹਾਣੀ ਰਾਹੀਂ ਵਿਚਾਰਿਆ ਗਿਆ ਹੈ।

ਚੌਥੇ ਅਧਿਆਇ ਵਿਚ ਦਰਸ਼ਨ ਧੀਰ ਦੀਆਂ ਕਹਾਣੀਆਂ ਵਿਚ ਪੰਜਾਬੀ ਮਨੁੱਖ ਦੇ ਸੁਪਨੇ ਤੇ ਕਾਮਨਾਵਾਂ, ਬਰਤਾਨਵੀ ਬਹੁ-ਸਭਿਆਚਾਰਵਾਦ ਦਾ ਸੰਕਟ, ਰੰਗ ਭੇਦ ਦੀ ਬਿਰਤਾਂਤਕ ਪੇਸ਼ਕਾਰੀ ਕੀਤੀ ਹੈ। ਪੰਜਵੇਂ ਵਿਚ ਸਵਰਨ ਚੰਦਨ ਦੀਆਂ ਕਹਾਣੀਆਂ ਨੂੰ ਸਭਿਆਚਾਰਕ ਕਦਰਾਂ-ਕੀਮਤਾਂ ਦੇ ਪੱਖ ਤੋਂ ਵਿਚਾਰਿਆ ਗਿਆ ਹੈ। ਛੇਵੇਂ ਅਧਿਆਇ ਵਿਚ ਵੀਨਾਵਰਮਾ, ਕੈਲਾਸ਼ਪੁਰੀ ਦੀਆਂ ਕਹਾਣੀਆਂ ਵਿਚ ਕਾਮ, ਪੂਰਬੀ ਸੰਸਕਾਰਾਂ ਦੇ ਤਣਾਉ, ਔਰਤ ਦੀ ਅਜ਼ਾਦੀ, ਹੋਂਦ ਤੇ ਪਛਾਣ ਦੇ ਸੰਕਲਪ ਆਦਿ ਨੂੰ ਵਿਚਾਰਿਆ ਗਿਆ ਹੈ।

7. ਅਮਨਿੰਦਰਪ੍ਰੀਤ, **ਬਰਤਾਨਵੀ ਪੰਜਾਬੀ ਕਹਾਣੀ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2006.

ਪਹਿਲੇ ਅਧਿਆਇ ਵਿਚ ਪਰਵਾਸੀ ਸੰਵੇਦਨਾ ਦੀ ਮਨੋਵਿਸ਼ਲੇਸ਼ਣਾਤਮਕ ਆਧਾਰ ਤੇ ਚਰਚਾ ਕੀਤੀ ਹੈ। ਇਸ ਵਿਚ ਮਨੋਵਿਸ਼ਲੇਸ਼ਣ ਅਧਿਐਨ ਦੀ ਵਿਧੀ/ਸਥਾਪਨਾਵਾਂ ਅਤੇ ਸਿਧਾਂਤਾਂ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਦੂਜੇ ਅਧਿਆਇ ਵਿਚ ਪਰਵਾਸੀ ਸੰਵੇਦਨਾ ਦੇ ਮਾਨਸਿਕ ਸੰਦਰਭ ਵਿਚ ਭੂ-ਹੇਰਵੇ, ਮੂਲ ਸਭਿਆਚਾਰ ਦੀਆਂ ਯਾਦਾਂ ਤੇ ਖਿੱਚ/ਸਵੈ-ਪਛਾਣ ਦੀ ਤਲਾਸ਼, ਸਵੈ ਸਥਾਪਤੀ ਦੇ ਸੰਘਰਸ਼ ਨੂੰ ਪੇਸ਼ ਕੀਤਾ ਹੈ।

ਤੀਜੇ ਅਧਿਆਇ ਵਿਚ ਸਵਰਨ ਚੰਦਨ ਦੀਆਂ ਕਹਾਣੀਆਂ ਦਾ ਮਨੋਵਿਸ਼ਲੇਸ਼ਣਾਤਮਕ ਆਧਾਰ ਤੇ ਅਧਿਐਨ ਕੀਤਾ ਹੈ। ਚੌਥੇ ਅਧਿਆਇ ਵਿਚ ਦਰਸ਼ਨ ਧੀਰ ਦੀਆਂ ਕਹਾਣੀਆਂ ਦਾ ਮਨੋਵਿਸ਼ਲੇਸ਼ਣਾਤਮਕ ਆਧਾਰ ਤੇ ਅਧਿਐਨ ਕੀਤਾ ਹੈ। ਪੰਜਵੇਂ ਅਧਿਆਇ ਵਿਚ ਸ਼ਿਵਚਰਨ ਦੀਆਂ ਕਹਾਣੀਆਂ ਦਾ ਮਨੋਵਿਸ਼ਲੇਸ਼ਣਾਤਮਕ ਆਧਾਰ ਤੇ ਅਧਿਐਨ ਕੀਤਾ ਹੈ। ਛੇਵੇਂ ਅਧਿਆਇ ਵਿਚ ਗੋਪਾਲ ਕੈਲਾਸ਼ਪੁਰੀ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿਚ ਸਵੈ ਪਛਾਣ, ਕਾਮਨਾਵਾਂ ਤੇ ਸਵੈ ਚੇਤਨਾ, ਮਰਦ ਦੀ ਕਾਮੁਕ ਤੇ ਭਾਵੁਕ ਸਥਾਪਤੀ ਪ੍ਰਤੀ ਵਿਦਰੋਹ ਦਾ ਅਧਿਐਨ ਕੀਤਾ ਹੈ। ਸੱਤਵੇਂ ਅਧਿਆਇ ਵਿਚ ਹਰਜੀਤ ਅਟਵਾਲ ਦੀਆਂ ਕਹਾਣੀਆਂ ਵਿਚ ਕਾਮਨਾਵਾਂ ਤੇ ਲਾਲਸਾਵਾਂ ਦੇ ਤਣਾਉ ਬਾਰੇ ਚਰਚਾ ਕੀਤੀ ਹੈ।

## ਐਮ.ਫਿਲ. ਖੋਜ-ਨਿਬੰਧ

ਐਮ.ਫਿਲ. ਦਾ ਖੋਜ ਕਾਰਜ ਪੀਐੱਚ.ਡੀ. ਨਾਲੋਂ ਸੀਮਤ ਹੁੰਦਾ ਹੈ ਕਿਉਂਕਿ ਐਮ.ਫਿਲ. ਦੇ ਕੋਰਸ ਦਾ ਸਮਾਂ ਨਿਸਚਿਤ ਹੁੰਦਾ ਹੈ। ਇਸ ਲਈ ਖੋਜਾਰਥੀਆਂ ਦਾ ਖੋਜ-ਕਾਰਜ ਵੀ ਸੀਮਤ ਜਿਹਾ ਹੀ ਹੁੰਦਾ ਹੈ, ਪਰ ਫਿਰ ਵੀ ਐਮ.ਫਿਲ. ਦੇ ਖੋਜਾਰਥੀ ਆਪਣੇ ਵਿਸ਼ਿਆਂ ਵਿਚ ਵੰਨ-ਸੁਵੰਨਤਾ ਦੀ ਪੇਸ਼ਕਾਰੀ ਕਰਕੇ ਆਪਣੀ ਵਿਧਵਤਾ ਉਜਾਗਰ ਕਰਦੇ ਹਨ।

1. ਰਾਵਿੰਦਰ ਸਿੰਘ ਸੋਢੀ, **ਬਰਤਾਨਵੀ ਪੰਜਾਬੀ ਕਹਾਣੀ ਦਾ ਅਧਿਐਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981.

ਇਸ ਖੋਜ ਕਾਰਜ ਨੂੰ ਦੋ ਅਧਿਆਇਆਂ ਵਿਚ ਵੰਡਿਆ ਗਿਆ ਹੈ। ਦੂਜੇ ਅਧਿਆਇ ਵਿਚ ਬਰਤਾਨਵੀ ਪੰਜਾਬੀ ਕਹਾਣੀ ਦੇ ਰੂਪਕ ਪੱਖ ਦਾ ਅਧਿਐਨ ਕੀਤਾ ਹੈ। ਇਸ ਵਿਚ ਕਹਾਣੀਕਾਰਾਂ ਦੀਆਂ ਰਚਨਾਵਾਂ ਨੂੰ ਪਰਵਾਸੀ ਸੰਦਰਭ ਵਿਚ ਵਾਚਿਆ ਹੈ ਤੇ ਵਿਸ਼ੇ ਪਖ ਦੀ ਚਰਚਾ ਨਹੀਂ ਕੀਤੀ। ਪਹਿਲੇ ਅਧਿਆਇ ਵਿਚ ਬਰਤਾਨਵੀ ਪੰਜਾਬੀ ਕਹਾਣੀ ਵਿਚ ਪੇਸ਼ ਹੋਏ ਬਰਤਾਨਵੀ ਪੰਜਾਬੀ ਜੀਵਨ ਨੂੰ ਆਧਾਰ ਬਣਾਇਆ ਹੈ।

2. ਜਸਵੀਰ ਕੌਰ, **ਗਲਪਕਾਰ ਸਵਰਨ ਚੰਦਨ : ਇਕ ਅਧਿਐਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

ਇਸ ਖੋਜ-ਨਿਬੰਧ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਸਵਰਨ ਚੰਦਨ ਦੇ ਜੀਵਨ, ਰਚਨਾ ਬਾਰੇ ਜਾਣਕਾਰੀ ਦਿੱਤੀ ਗਈ ਹੈ। ਦੂਜੇ ਅਧਿਆਇ ਵਿਚ ਸਵਰਨ ਚੰਦਨ ਦੀਆਂ ਗਲਪ ਰਚਨਾਵਾਂ ਨੂੰ ਪਰਵਾਸੀ ਚੇਤਨਾ ਦੇ ਸੰਦਰਭ ਵਿਚ ਰੱਖਦਿਆਂ ਹੋਇਆਂ ਵਤਨ ਦੀ ਤਾਂਘ, ਆਰਥਿਕਤਾ, ਨਸਲੀ ਵਿਤਕਰਾ, ਪੂਰਬੀ ਤੇ ਪੱਛਮੀ ਜੀਵਨ ਦੀ ਖਿੱਚ ਨੂੰ ਪ੍ਰਸਤੁਤ ਕੀਤਾ ਗਿਆ ਹੈ। ਤੀਜੇ ਅਧਿਆਇ ''ਸਵਰਨ ਚੰਦਨ : ਨਾਵਲਾਂ ਤੇ ਕਹਾਣੀਆਂ ਦਾ ਰੂਪ ਪੱਖ'' ਵਿਚ ਉਸ ਦੀਆਂ ਗਲਪ ਰਚਨਾਵਾਂ ਦਾ ਰੂਪ ਪੱਖ ਤੋਂ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਅਖੀਰਲੇ ਅਧਿਆਇ ਸਾਰਾਂਸ਼ ਵਿਚ ਚੰਦਨ ਦੀਆਂ ਗਲਪ ਰਚਨਾਵਾਂ ਦੇ ਅਧਿਐਨ ਸਮੇਂ ਜਿਹੜੇ ਪੱਖ ਸਾਹਮਣੇ ਆਏ ਹਨ ਉਹਨਾਂ ਦੇ ਸਾਰ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।

3. ਸਰਬਜੀਤ ਸਿੰਘ, **ਸ਼ਿਵਚਰਨ ਗਿੱਲ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1985-86.

ਇਸ ਖੋਜ-ਨਿਬੰਧ ਵਿਚ ਸ਼ਿਵਚਰਨ ਗਿੱਲ ਦੀਆਂ ਕਹਾਣੀਆਂ ਵਿਚ ਪੇਸ਼ ਹੋਈ ਪਰਵਾਸੀ ਚੇਤਨਾ ਦਾ ਉਲੇਖ ਕੀਤਾ ਗਿਆ ਹੈ। ਪਹਿਲੀ ਪੀੜ੍ਹੀ ਦੇ ਲੋਕ ਜੋ ਵਿਦੇਸ਼ਾਂ ਵਿਚ ਗਏ ਉਨ੍ਹਾਂ ਵਿਚ ਬਹੁਗਿਣਤੀ ਅਨਪੜ੍ਹਾਂ ਦੀ ਸੀ। ਇਸ ਕਰਕੇ ਉਹ ਵਧੇਰੇ ਸਾਹਿਤ ਦੀ ਸਿਰਜਣਾ ਨਾ ਕਰ ਸਕੇ ਭਾਵੇਂ ਕਿ ਕੈਨੇਡਾ ਵਿਚ ਗਦਰ-ਲਹਿਰ ਦੇ ਨਾਂ

ਥੱਲੇ ਰਚਨਾ ਹੋਈ ਪਰ ਸਮੁੱਚੇ ਤੌਰ 'ਤੇ ਪਰਵਾਸੀ ਚੇਤਨਾ ਵਾਲਾ ਸਾਹਿਤ ਨਾ ਉਪਜਿਆ। ਦੂਜੀ ਪੀੜ੍ਹੀ ਦੇ ਲੋਕ ਜੋ ਕਿ ਪੜ੍ਹੇ ਲਿਖੇ ਸਨ ਜਦੋਂ ਲੋਕਾਂ ਨੇ ਇਥੇ ਆਰਥਿਕ, ਸਮਾਜਿਕ, ਧਾਰਮਿਕ, ਰਾਜਨੀਤਿਕ, ਨਸਲੀ ਵਿਤਕਰਾ, ਸਾਂਸਕ੍ਰਿਤਿਕ, ਵਤਨ ਦੀ ਤਾਂਘ ਰੂਪੀ ਸਮੱਸਿਆਵਾਂ ਵਿਚੋਂ ਗੁਜ਼ਰਨਾ ਪਿਆ, ਤਾਂ ਇਸ ਸੰਦਰਭ ਵਿਚ ਪਰਵਾਸੀ ਚੇਤਨਾ ਦਾ ਉਤਪੰਨ ਹੋਣਾ ਸੁਭਾਵਕ ਹੀ ਸੀ। ਇਨ੍ਹਾਂ ਲੋਕਾਂ ਨੇ ਦਰਪੇਸ਼ ਸਮੱਸਿਆਵਾਂ ਨੂੰ ਸਾਹਿਤ ਵਿਚ ਉਲੀਕਿਆ ਜਿਸ ਵਿਚ ਪਰਵਾਸੀ ਪੰਜਾਬੀ ਕਹਾਣੀ ਪ੍ਰਬਲ ਰੂਪ ਵਿਚ ਵਿਕਸਿਤ ਹੋਈ।

ਇਸ ਖੋਜ-ਨਿਬੰਧ ਵਿਚ ਸ਼ਿਵਚਰਨ ਗਿੱਲ ਦੇ ਕਹਾਣੀ ਸੰਗ੍ਰਹਿ ''ਗਊ ਹੱਤਿਆ', ''ਰੂਹ ਦਾ ਸਰਾਪ'' ਅਤੇ ''ਭੈਅ ਦੇ ਪ੍ਰਛਾਵੇਂ'' ਨੂੰ ਲੈ ਕੇ ਇਨ੍ਹਾਂ ਦਾ ਵਿਸ਼ੇਗਤ ਅਧਿਐਨ ਪੇਸ਼ ਕੀਤਾ ਗਿਆ ਹੈ।

4. ਕੁਲਦੀਪ ਕੌਰ ਬਾਠ, **ਸਵਰਨ ਚੰਦਨ ਦੀਆਂ ਕਹਾਣੀਆਂ ਵਿਚ ਪਰਵਸੀ ਚੇਤਨਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987–88.

ਉਪਰੋਕਤ ਖੋਜ-ਨਿਬੰਧ ਵਿਚ ਵੱਖ-ਵੱਖ ਪਰਵਾਸੀ ਕਹਾਣੀਕਾਰਾਂ ਤਰਸੇਮ ਨੀਲਗਿਰੀ, ਸ਼ਿਵਚਰਨ ਗਿੱਲ, ਰਘਬੀਰ ਢੰਡ, ਦਰਸ਼ਨ ਧੀਰ ਆਦਿ ਦੇ ਕਹਾਣੀ ਸੰਗ੍ਰਹਿਆਂ ਨੂੰ ਲੈ ਕੇ ਇਨ੍ਹਾਂ ਦਾ ਸਵਰਨ ਚੰਦਨ ਨਾਲ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਕੁਲਦੀਪ ਕੌਰ ਨੇ ਵੱਖ-ਵੱਖ ਕਹਾਣੀਆਂ ਵਿਚ ਪੇਸ਼ ਹੋਈ ਪਰਵਾਸੀ ਚੇਤਨਾ ਦਾ ਅਧਿਐਨ ਕੀਤਾ ਹੈ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਜਿਥੇ ਪਰਵਾਸੀ ਲੇਖਕਾਂ ਨੇ ਬਰਤਾਨਵੀ ਪੰਜਾਬੀ ਕਹਾਣੀ ਵਿਚ ਵੱਖ-ਵੱਖ ਵਿਸ਼ੇ ਲੈ ਕੇ ਜਿਵੇਂ ਰਘਬੀਰ ਢੰਡ ਨੇ ਨਸਲੀ ਵਿਤਕਰੇ ਤੇ ਜ਼ੋਰ ਦਿੱਤਾ ਹੈ। ਸ਼ਿਵਚਰਨ ਗਿੱਲ ਨੇ ਸਭਿਆਚਾਰਕ ਸੰਕਟ ਆਦਿ ਵਿਸ਼ੇ ਲੈ ਕੇ ਆਪਣਾ ਨਾਂ ਕਾਇਮ ਕੀਤਾ ਹੈ, ਉਥੇ ਸਵਰਨ ਚੰਦਨ ਨੇ ਆਪਣੀਆਂ ਕਹਾਣੀਆਂ ਵਿਚ ਸਭਿਆਚਾਰਕ ਕਦਰਾਂ-ਕੀਮਤਾਂ ਦੀ ਟੁੱਟ-ਭੱਜ ਆਰਥਿਕ ਸਮਾਜਿਕ ਸਮੱਸਿਆਵਾਂ ਆਦਿ ਵਿਸ਼ੇ ਲੈ ਕੇ ਬਰਤਾਨਵੀ ਪੰਜਾਬੀ ਗਲਪ ਵਿਚ ਆਪਣਾ ਨਿਵੇਕਲਾ ਸਥਾਨ ਸਥਾਪਿਤ ਕੀਤਾ ਹੈ।

5. ਹਰਚੰਦ ਸਿੰਘ ਬੇਦੀ, **ਕਹਾਣੀਕਾਰ ਤਰਸੇਮ ਸਿੰਘ ਨੀਲਗਿਰੀ ਇਕ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987-88.

ਇਸ ਖੋਜ-ਨਿਬੰਧ ਦੇ ਅੰਤਰਗਤ ਕਹਾਣੀਕਾਰ ਤਰਸੇਮ ਸਿੰਘ ਨੀਲਗਿਰੀ ਬਾਰੇ ਅਧਿਐਨ ਕੀਤਾ ਗਿਆ ਹੈ। ਨੀਲਗਿਰੀ ਦੀਆਂ ਕਹਾਣੀਆਂ ਸਮਾਜਕ ਗਤੀ ਨੂੰ ਦਰਸਾਉਂਦੀਆਂ ਹਨ ਅਤੇ ਇਨ੍ਹਾਂ ਵਿਚ ਚਿਰਕਾਲ ਤਕ ਜ਼ਿੰਦਾ ਰਹਿਣ ਦੀ ਸਮਰੱਥਾ ਹੈ। ਇਸ ਦਾ ਮੂਲ ਕਾਰਨ ਉਹ ਮਨੁੱਖ ਦੇ ਅੰਦਰਲੇ ਦਵੰਦ ਜਾਂ ਲੜਾਈ ਨੂੰ ਆਤਮਸਾਤ ਕਰਕੇ ਪੇਸ਼ ਕਰਦਾ ਹੈ ਤੇ ਕਾਹਲ ਨਹੀਂ ਕਰਦਾ। ਉਹ ਆਪਣੇ ਨਿਵੇਕਲੇ ਹਸਤਾਖ਼ਰ ਸਥਾਪਿਤ ਕਰਨ ਵਾਲਾ ਅਜਿਹਾ ਬੁੱਧੀਮਾਨ ਕਹਾਣੀਕਾਰ ਹੈ, ਜਿਸ ਨੇ ਘੱਟ ਲਿਖਿਆ ਹੈ ਪਰ ਜਿੰਨਾਂ ਲਿਖਿਆ ਹੈ, ਸਰਲ ਤਾਰਕਿਕ ਮੁਹਾਵਰੇ ਵਿਚ ਲਿਖਿਆ ਹੈ।

6. ਨਵਜੋਤਦੀਪ, **ਬਰਤਾਨਵੀ ਪੰਜਾਬੀ ਕਹਾਣੀ ਵਿਚ ਪਰਵਾਸੀ ਚੇਤਨਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992-93.

ਇਸ ਖੋਜ ਕਾਰਜ ਨੂੰ ਦੋ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਪਰਵਾਸੀ ਚੇਤਨਾ ਦੇ ਸੰਕਲਪਗਤ ਪਾਸਾਰਾਂ ਤੇ ਬਰਤਾਨਵੀ ਪੰਜਾਬੀ ਪਰਵਾਸੀਆਂ ਦੀ ਆਰਥਿਕ, ਸਮਾਜਕ, ਰਾਜਨੀਤਿਕ ਅਤੇ ਧਾਰਮਿਕ ਸਥਿਤੀ ਨੂੰ ਸਮਝਣ ਦਾ ਯਤਨ ਕੀਤਾ ਹੈ।

ਦੂਜੇ ਅਧਿਆਇ ਵਿਚ ਬਰਤਾਨਵੀ ਪੰਜਾਬੀ ਕਹਾਣੀ ਦੇ ਵਿਸ਼ੇਸ਼ ਪ੍ਰਸੰਗ ਵਿਚ ਪਰਵਾਸੀ ਪੰਜਾਬੀਆਂ ਦੀਆਂ ਆਰਥਿਕ, ਸਮਾਜਕ ਤੇ ਰਾਜਨੀਤਕ ਸਮੱਸਿਆਵਾਂ ਨੂੰ ਵੇਰਵੇ ਸਹਿਤ ਪੇਸ਼ ਕੀਤਾ ਗਿਆ ਹੈ।

7. ਗੁਰਮੀਤ ਕੌਰ, **ਵੀਨਾ ਵਰਮਾ ਦੇ ਕਹਾਣੀ ਸੰਗ੍ਰਿਹ 'ਮੁੱਲ ਦੀ ਤੀਵੀਂ' ਦਾ ਅਧਿਐਨ**, ਦਿੱਲੀ ਯੂਨੀਵਰਸਿਟੀ, ਦਿੱਲੀ, 1995.

ਖੋਜ ਕਾਰਜ ਵੀਨਾ ਵਰਮਾ ਦੇ ਕਹਾਣੀ-ਸੰਗ੍ਰਿਹ **ਮੁੱਲ ਦੀ ਤੀਵੀਂ** ਦਾ ਅਧਿਐਨ ਵਿਚ ਖੋਜਾਰਥਣ ਗੁਰਮੀਤ ਕੌਰ ਨੇ ਪਹਿਲੇ ਅਧਿਆਇ ਵਿਚ ਵੀਨਾ ਵਰਮਾ ਦੀਆਂ ਕਹਾਣੀਆਂ ਬਾਰੇ ਪ੍ਰਾਪਤ ਆਲੋਚਨਾ ਦੀ ਚਰਚਾ ਕੀਤੀ ਹੈ। ਦੂਜੇ ਅਧਿਆਇ ਵਿਚ

ਵੀਨਾ ਵਰਮਾ ਦੀਆਂ ਕਹਾਣੀਆਂ ਵਿਚ ਇੰਗਲੈਂਡ ਤੇ ਪੱਛਮੀ ਸਮਾਜ ਦੀ ਪੇਸ਼ਕਾਰੀ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਤੀਜਾ ਅਧਿਆਇ ''ਵੀਨਾ ਵਰਮਾ ਦੀਆਂ ਚਾਰ ਕਹਾਣੀਆਂ ਦਾ ਪਾਠਗਤ ਅਧਿਐਨ'' ਵਿਚ ਉਸ ਦੀਆਂ ਚਾਰ ਕਹਾਣੀਆਂ – ''ਮੁੱਲ ਦੀ ਤੀਵੀਂ'', ''ਰੱਤੋ'', ''ਰੂਮਮੇਟ'' ਤੇ ''ਮਰਿਆ ਚੂਹਾ'' ਦੀ ਸਮੀਖਿਆ ਕੀਤੀ ਗਈ ਹੈ। ਅੰਤਲੇ ਅਧਿਆਇ ''ਵੀਨਾ ਵਰਮਾ ਆਖਦੀ ਹੈ'' ਵਿਚ ਰਾਮ ਸਰੂਪ ਅਣਖੀ ਨਾਲ ਹੋਈ ਮੁਲਾਕਾਤ ਨੂੰ ਆਧਾਰ ਬਣਾ ਕੇ ਉਸ ਦੁਆਰਾ ਕਹਾਣੀ ਬਾਰੇ ਪ੍ਰਗਟਾਏ ਵਿਚਾਰਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ। ਕੁਲ ਮਿਲਾ ਕੇ ਐਮ.ਫਿਲ. ਦਾ ਇਹ ਖੋਜ ਕਾਰਜ ਨਿਸ਼ਚਿਤ ਸੀਮਾ ਰੇਖਾ ਵਿਚ ਰਹਿ ਕੇ ਵੀਨਾ ਵਰਮਾ ਦੀਆਂ ਕਹਾਣੀਆਂ ਦਾ ਇਕ ਪਰਿਪੇਖ ਤਿਆਰ ਕਰਦਾ ਹੈ।

8. ਸੁਖਵਿੰਦਰ ਕੌਰ, **ਸਵਰਨ ਚੰਦਨ ਦੇ ਕਹਾਣੀ ਸੰਗ੍ਰਹਿ 'ਬੰਦ ਗੁਫਾਵਾਂ' ਦਾ ਆਲੋਚਨਾਤਮਕ ਅਧਿਐਨ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2000–2001.

ਇਸ ਖੋਜ-ਨਿਬੰਧ ਦਾ ਪਹਿਲੇ ਅਧਿਆਇ ਦਾ ਸਿਰਲੇਖ ''ਸਵਰਨ ਚੰਦਨ ਦਾ ਜੀਵਨ ਰਚਨਾ ਅਤੇ ਸਖਸੀਅਤ'' ਹੈ। ਇਸ ਵਿਚ ਸਵਰਨ ਚੰਦਨ ਦੇ ਜੀਵਨ ਬਾਰੇ, ਪਰਵਾਸੀ ਜੀਵਨ ਵਿਚੋਂ ਪ੍ਰਾਪਤ ਅਨੁਭਵਾਂ ਬਾਰੇ ਰਚਨਾ ਪ੍ਰਕਿਰਿਆ ਬਾਰੇ ਗੱਲ ਕੀਤੀ ਹੈ। ਦੂਜੇ ਅਧਿਆਇ ਦਾ ਸਿਰਲੇਖ ''ਬੰਦ ਖੁਫ਼ਾਵਾਂ ਦਾ ਵਿਸ਼ੇਗਤ ਅਧਿਐਨ'' ਹੈ। ਤੀਜੇ ਅਧਿਆਇ ਵਿਚ ਬੰਦ ਗੁਫ਼ਾਵਾਂ ਵਿਚ ਔਰਤ-ਮਰਦ ਦੇ ਜਿਨਸੀ ਸੰਬੰਧਾਂ ਨੂੰ ਪੇਸ਼ ਕੀਤਾ ਹੈ। ਚੌਥੇ ਅਧਿਆਇ ਵਿਚ ਬੰਦ ਗੁਫ਼ਾਵਾਂ ਵਿਚਲੇ ਸਮਾਜਕ ਤੇ ਮਾਨਸਿਕ ਤਨਾਉ ਨੂੰ ਪੇਸ਼ ਕੀਤਾ ਹੈ। ਪੰਜਵੇਂ ਅਧਿਆਇ ਵਿਚ ਕਹਾਣੀ-ਸੰਗ੍ਰਹਿ ਨੂੰ ਭ੍ਰਿਸ਼ਟ ਰਾਜਨੀਤੀ ਤੇ ਪੰਜਾਬ ਸੰਕਟ ਨਾਲ ਜੋੜ ਕੇ ਪੇਸ਼ ਕੀਤਾ ਹੈ। ਛੇਵੇਂ ਅਧਿਆਇ ਵਿਚ ਕਹਾਣੀਆਂ ਦਾ ਬਿਰਤਾਂਤਕ ਪੱਖ ਪੇਸ਼ ਕੀਤਾ ਗਿਆ ਹੈ।

9. ਗੁਰਬਿੰਦਰ ਸਿੰਘ, **ਸ਼ਿਵਚਰਨ ਗਿੱਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦਾ ਅਧਿਐਨ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2001–2002.

ਖੋਜਾਰਥੀ ਨੇ ਖੋਜ-ਨਿਬੰਧ ਨੂੰ ਤਿੰਨ ਅਧਿਆਇ ਵਿਚ ਵੰਡਿਆ ਹੈ। ਪਹਿਲੇ ਅਧਿਆਇ ''ਸ਼ਿਵਚਰਨ ਗਿੱਲ : ਜੀਵਨ ਤੇ ਰਚਨਾ'' ਵਿਚ ਲੇਖਕ ਦੇ ਜੀਵਨ ਅਤੇ ਰਚਨਾ ਉਪਰ ਝਾਤ ਮਾਰੀ ਹੈ। ਦੂਜੇ ਅਧਿਆਇ ''ਸ਼ਿਵਚਰਨ ਗਿੱਲ ਦੀਆਂ ਕਹਾਣੀਆਂ ਵਿਚ ਪਰਵਾਸੀ ਪੰਜਾਬੀਅਤਾ ਦੇ ਪਰਿਵਾਰਕ ਰਿਸ਼ਤੇ'' ਵਿਚ ਪਰਵਾਸੀ ਪੰਜਾਬੀ ਪਰਿਵਾਰਾਂ ਅੰਦਰ ਬਣਦੇ ਬਿਨਸਦੇ ਰਿਸ਼ਤਿਆਂ ਦੀ ਗੱਲ ਕੀਤੀ ਹੈ। ਤੀਜੇ ਅਧਿਆਇ ''ਸ਼ਿਵਚਰਨ ਗਿੱਲ ਦੀਆਂ ਕਹਾਣੀਆਂ ਵਿਚ ਪਰਵਾਸੀ ਪੰਜਾਬੀਆਂ ਦੇ ਕੰਮ ਸਥਾਨ ਤੇ ਬਣਦੇ ਮਨੁੱਖੀ ਰਿਸ਼ਤੇ'' ਵਿਚ ਸਾਮੰਤੀ ਸੋਚ ਦੇ ਧਾਰਨੀ ਪੰਜਾਬੀ ਪਰਵਾਸੀ ਮਨੁੱਖ ਦੇ ਕੰਮ ਸਥਾਨਾਂ ਤੇ ਕੰਮ ਦੇ ਦੌਰਾਨ ਆਪਣੇ ਸਹਿਕਰਮੀ ਪੰਜਾਬੀ ਕਾਮਿਆਂ ਨਾਲ ਅਤੇ ਬਸਤੀਵਾਦੀ ਸੋਚ ਦੇ ਧਾਰਨੀ ਬਹੁ-ਗਿਣਤੀ ਗੋਰੇ ਮੂਲ ਵਾਸੀਆਂ ਨਾਲ ਬਣਦੇ ਰਿਸ਼ਤਿਆਂ ਦੀ ਵਿਆਖਿਆ ਪ੍ਰਾਪਤ ਕਹਾਣੀਆਂ ਦੇ ਆਧਾਰ 'ਤੇ ਕੀਤੀ ਗਈ ਹੈ।

10. ਜਸਵਿੰਦਰ ਕੌਰ, **ਫਰੰਗੀਆਂ ਦੀ ਨੂੰਹ ਵਿਚ ਔਰਤ ਦੀ ਹੋਂਦ ਦੇ ਮਸਲੇ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2002-2003.

ਖੋਜਾਰਥੀ ਨੇ ਖੋਜ-ਨਿਬੰਧ ਨੂੰ ਤਿੰਨ ਅਧਿਆਇਆਂ ਵਿਚ ਵੰਡਿਆ ਹੈ। ਪਹਿਲੇ ਅਧਿਆਇ ''ਔਰਤ ਦੀ ਹੋਂਦ ਦੇ ਮਸਲਿਆਂ ਦਾ ਸਿਧਾਂਤਕ ਪਰਿਪੇਖ'' ਵਿਚ ਔਰਤ ਦੀ ਹੋਂਦ ਦੇ ਮਸਲਿਆਂ ਦੇ ਸਿਧਾਂਤਕ ਪਰਿਪੇਖ ਨੂੰ ਵਿਚਾਰਿਆ ਗਿਆ ਹੈ। ਇਸ ਭਾਗ ਵਿਚ ਵਰਤਮਾਨ ਸਮੇਂ ਵਿਚ ਚਲ ਰਹੇ ਪ੍ਰਬੰਧਾਂ ਦੇ ਟਾਕਰੇ ਰਾਹੀਂ ਔਰਤ ਦੀ ਹੋਂਦ ਦੇ ਸੰਕਲਪ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਦੂਜੇ ਅਧਿਆਇ ''ਫਰੰਗੀਆਂ ਦੀ ਨੂੰਹ ਵਿਚ ਪੇਸ਼ ਔਰਤ ਦਾ ਬਿੰਬ'' ਵਿਚ ਪਰਵਾਸੀ ਪੰਜਾਬੀ ਔਰਤਾਂ ਦਾ ਬਿੰਬ ਉਸਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵੀਨਾ ਵਰਮਾ ਦੀਆਂ ਕਹਾਣੀਆਂ ਦੀਆਂ ਔਰਤਾਂ ਨੂੰ ਨਵੇਂ ਢੰਗ ਨਾਲ ਵਾਚਣ ਦੀ ਕੋਸ਼ਿਸ਼ ਕੀਤੀ ਹੈ।

ਤੀਜੇ ਅਧਿਆਇ ''ਫਰੰਗੀਆਂ ਦੀ ਨੂੰਹ ਵਿਚ ਔਰਤ ਦੀ ਪਛਾਣ'' ਵਿਚ ਔਰਤਾਂ ਦੇ ਮਸਲਿਆਂ ਉਤੇ ਖੁੱਲ੍ਹ ਕੇ ਵਿਚਾਰ ਕੀਤਾ ਗਿਆ ਹੈ। ਇਸ ਅਧਿਆਇ ਵਿਚ ਉਨ੍ਹਾਂ ਸਾਰੇ ਮਸਲਿਆਂ ਤੇ ਵਿਚਾਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਮਰਦ ਦੀ ਜਗੀਰੂ ਬਿਰਤੀ ਦੀ ਝਲਕ ਤਾਂ ਮਿਲਦੀ ਹੈ ਪਰ ਨਾਲ ਹੀ ਪੱਛਮੀ ਜਗਤ ਦੀ ਹਕੀਕਤ ਅਨੁਸਾਰ

ਔਰਤ ਤੇ ਮਰਦ ਦੋਹਾਂ ਦੀ ਮਾਨਸਿਕਤਾ ਨੂੰ ਜਨਮ ਦੇਂਦੀ ਹੈ। ਜਿਸ ਕਾਰਨ ਇਨ੍ਹਾਂ ਦਾ ਜੀਵਨ ਸੁਖਾਵਾਂ ਘੱਟ ਤੇ ਦੁਖਾਵਾਂ ਵਧ ਹੁੰਦਾ ਹੈ।

11. ਗੁਰਚਰਨ ਸਿੰਘ, **ਵੀਨਾ ਵਰਮਾ ਦੀ ਕਹਾਣੀ ਚੇਤਨਾ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2008-2009.

ਖੋਜ-ਨਿਬੰਧ ਨੂੰ ਤਿੰਨ ਅਧਿਆਇਆਂ ਵਿਚ ਵੰਡਿਆ ਹੈ। ਪਹਿਲੇ ਅਧਿਆਇ ਨੂੰ ''ਵੀਨਾ ਵਰਮਾ : ਜੀਵਨ, ਰਚਨਾ ਅਤੇ ਸਿਰਜਣਾਤਮਕ ਸਫ਼ਰ'' ਤਹਿਤ ਅਧਿਐਨ ਵਜੋਂ ਲਿਆ ਹੈ। ਇਸ ਵਿਚ ਉਸਦੇ ਜੀਵਨ ਤੇ ਰਚਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਦੂਜਾ ਅਧਿਆਇ ''ਵੀਨਾ ਵਰਮਾ ਦੀ ਕਹਾਣੀ ਦੇ ਮੁੱਖ ਸਰੋਕਾਰ'' ਵਿਚ ਉਸਦੇ ਸਮੁੱਚੇ ਕਹਾਣੀ ਜਗਤ ਵਿਚ ਪੇਸ਼ ਪ੍ਰਮੁੱਖ ਸਰੋਕਾਰਾਂ ਜਿਵੇਂ ਸਵੈ ਸਥਾਪਤੀ ਲਈ ਜੂਝਦੀ ਸਖ਼ਸੀਅਤ ਅਤੇ ਅਣਜੋੜ ਵਿਆਹ ਤੋਂ ਉਪਜੇ ਦੁਖਾਂਤ ਨੂੰ ਪੇਸ਼ ਕੀਤਾ ਹੈ। ਇਸ ਰਾਹੀਂ ਅਧੂਰੇ ਰਿਸ਼ਤਿਆਂ ਦੀ ਅਤ੍ਰਿਪਤੀ ਤੋਂ ਉਪਜੇ ਤਣਾਅ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ।

ਤੀਸਰੇ ਅਧਿਆਇ ''ਵੀਨਾ ਵਰਮਾ ਦੀ ਕਹਾਣੀ ਦੀਆਂ ਬਿਰਤਾਂਤਕ ਜੁਗਤਾਂ'' ਵਿਚ ਉਸਦੀ ਕਹਾਣੀ ਰਚਨਾ ਵਿਚ ਵਰਤੀਆਂ ਜੁਗਤਾਂ ਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

**ਐਮ.ਏ.ਆਨਰਜ਼ ਦੀ ਡਿਗਰੀ ਲਈ ਖੋਜ-ਨਿਬੰਧ** :

ਇਸ ਤੋਂ ਬਾਅਦ ਐਮ.ਏ.ਆਨਰਜ਼ ਦੀ ਡਿਗਰੀ ਲਈ ਪ੍ਰਵਾਨਿਤ ਖੋਜ-ਨਿਬੰਧਾਂ ਦਾ ਅਧਿਐਨ ਕੀਤਾ ਜਾਵੇਗਾ। ਇਸ ਪੱਧਰ 'ਤੇ ਪਰਵਾਸੀ ਪੰਜਾਬੀ ਕਹਾਣੀ ਸੰਬੰਧੀ ਕਾਰਜ ਬਹੁਤ ਥੋੜ੍ਹਾ ਹੋਇਆ ਹੈ।

1. ਸੁਖਵਿੰਦਰ ਸਿੰਘ, **ਦਰਸ਼ਨ ਸਿੰਘ ਧੀਰ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1997-98.

ਉਪਰੋਕਤ ਖੋਜ-ਨਿਬੰਧ ਵਿਚ ਦਰਸ਼ਨ ਸਿੰਘ ਧੀਰ ਦੀਆਂ ਕਹਾਣੀਆਂ ਨੂੰ ਪਰਵਾਸੀ ਚੇਤਨਾ ਦੇ ਪਰਿਪੇਖ ਵਿਚ ਪ੍ਰਸਤੁਤ ਕੀਤਾ ਗਿਆ ਹੈ। ਪਰਵਾਸੀਆਂ ਦੀ

ਜ਼ਿੰਦਗੀ ਨੂੰ ਅਸਰ ਅੰਦਾਜ਼ ਕਰਦੀਆਂ ਪ੍ਰਸਥਿਤੀਆਂ ਪਰਵਾਸੀ ਚੇਤਨਾ ਨੂੰ ਉਤੇਜਿਤ ਕਰਦੀਆਂ ਹਨ, ਜਿਸ ਵਿਚ ਵਧੇਰੇ ਕਰਕੇ ਭੂ-ਹੇਰਵਾ, ਨਸਲੀ ਵਿਤਕਰਾ, ਪੀੜ੍ਹੀ-ਪਾੜਾ ਅਤੇ ਸਭਿਆਚਾਰਕ ਤਣਾਉ ਵਰਗੇ ਵਿਸ਼ਿਆਂ ਨੂੰ ਆਧਾਰ ਬਣਾਇਆ ਗਿਆ ਹੈ। ਦਰਸ਼ਨ ਧੀਰ ਨੇ ਆਪਣੀਆਂ ਰਚਨਾਵਾਂ ਵਿਚ ਇਨ੍ਹਾਂ ਵਿਸ਼ਿਆਂ ਨੂੰ ਬੜੀ ਗੰਭੀਰਤਾ ਨਾਲ ਪੇਸ਼ ਕੀਤਾ ਹੈ। ਇਸ ਤਰ੍ਹਾਂ ਦਰਸ਼ਨ ਧੀਰ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ ਦੇ ਵੱਖ-ਵੱਖ ਪੱਖਾਂ ਨੂੰ ਵੇਖਿਆ ਜਾ ਸਕਦਾ ਹੈ, ਜਿਸ ਵਿਚੋਂ ਜਿਥੇ ਪਰਵਾਸੀ ਜੀਵਨ ਸੰਬੰਧੀ ਜਾਣਕਾਰੀ ਮਿਲਦੀ ਹੈ, ਉਥੇ ਸਿਰਜਣਾਤਮਕ ਅਨੁਭਵ ਦਾ ਪ੍ਰਗਟਾਵਾ ਵੀ ਹੁੰਦਾ ਹੈ।

2. ਅਮਨਦੀਪ ਕੌਰ ਥਿੰਦ, **ਸ਼ਿਵਚਰਨ ਗਿੱਲ ਰਚਿਤ ਕਹਾਣੀ-ਸੰਗ੍ਰਹਿ ਮਰਦਾਵੀਂ ਔਰਤ (ਇਕ ਅਧਿਐਨ)**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2000.

    ਉਪਰੋਕਤ ਖੋਜ-ਨਿਬੰਧ ਦਾ ਆਧਾਰ ਸਮਰੱਥ ਬਰਤਾਨਵੀ ਪੰਜਾਬੀ ਕਹਾਣੀਕਾਰ ਸ਼ਿਵਚਰਨ ਗਿੱਲ ਦੇ ਸੱਤਵੇਂ ਕਹਾਣੀ ਸੰਗ੍ਰਹਿ **ਮਰਦਾਵੀਂ ਔਰਤ** ਨੂੰ ਬਣਾਇਆ ਗਿਆ ਹੈ। ਇਸ ਖੋਜ ਕਾਰਜ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ। ਦੂਜੇ ਅਧਿਆਇ ਵਿਚ **ਮਰਦਾਵੀਂ ਔਰਤ** ਵਿਚਲੀਆਂ ਕਹਾਣੀਆਂ ਦੇ ਥੀਮਿਕ ਅਧਿਐਨ ਦੀ ਗੱਲ ਕੀਤੀ ਗਈ ਹੈ। ਪਹਿਲੇ ਅਧਿਆਇ ਵਿਚ ਸ਼ਿਵਚਰਨ ਗਿੱਲ ਦੇ ਜੀਵਨ ਤੇ ਰਚਨਾ ਨੂੰ ਪੇਸ਼ ਕੀਤਾ ਗਿਆ ਹੈ। ਤੀਜੇ ਅਧਿਆਇ ਵਿਚ ਕਹਾਣੀਆਂ ਦੇ ਰਚਨਾ-ਵਿਧਾਨ ਨੂੰ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਚੌਥੇ ਅਧਿਆਇ ਵਿਚ ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ। ਇਸ ਉਪਰੰਤ ਪੁਸਤਕ ਸੂਚੀ ਦਿੱਤੀ ਗਈ ਹੈ।

ਬਰਤਾਨਵੀ ਪੰਜਾਬੀ ਕਹਾਣੀ ਤੇ ਕਹਾਣੀਕਾਰਾਂ ਬਾਰੇ ਹੋਏ ਉਪਾਧੀ ਮੂਲਕ ਖੋਜ ਤੇ ਵਿਦਵਾਨਾਂ ਵੱਲੋਂ ਲਿਖੀਆਂ ਗਈ ਪੁਸਤਕਾਂ ਜਾਂ ਉਪਾਧੀ ਮੂਲਕ ਖੋਜ ਨੂੰ ਪ੍ਰਕਾਸ਼ਿਤ ਕਰਨ ਦੇ ਕੀਤੇ ਗਏ ਉਪਰਾਲੇ ਜਾਂ ਇਸ ਖੇਤਰ ਵਿਚ ਲਿਖੇ ਗਏ ਖੋਜ-ਪੱਤਰਾਂ ਨੂੰ ਅਧਿਐਨ ਦਾ ਪਾਤਰ ਬਣਾਉਣ ਉਪਰੰਤ ਅਸੀਂ ਇਹ ਮਹਿਸੂਸ ਕੀਤਾ ਹੈ ਕਿ ਬਰਤਾਨਵੀ ਪੰਜਾਬੀ ਕਹਾਣੀ ਦੇ ਵਿਸ਼ੇ, ਸਿਧਾਂਤ ਜਾਂ

ਇਤਿਹਾਸ ਦੀ ਗੱਲ ਕੀਤੀ ਗਈ ਹੈ ਪਰ ਕੁਝ ਪੱਖ ਅਜੇ ਵੀ ਅਣਛੂਹੇ ਰਹਿ ਗਏ ਹਨ। ਇਹ ਸਮੱਗਰੀ ਸਾਡੇ ਵਿਸ਼ੇ ਦੇ ਅਧਿਐਨ ਸਮੇਂ ਸਾਡੀ ਸਹਾਇਕ ਬਣੇਗੀ।

– – – – –